# ਕੈਨੇਡਾ ਦਰਪਣ

ਅਪ੍ਰੈਲ 1, 1983

**April 1, 1983**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਤੋਂ ਪ੍ਰਾਪਤ ਹੋਇਆ।

25¢ Out Of Greater Vancouver 40¢

# ਕੈਨੇਡਾ ਦਰਪਣ

ADDRESS:
P.O. BOX 67344 STN. 'O'
VANCOUVER, B.C. V5W 3T1
CANADA

Publisher: ASIA BOOK COMPANY LTD.
VOL. 2, NO. 7 April 1, 1983
PHONE: 324-6111

THE CANADA DARPAN
PUNJABI FORTNIGHTLY
Hon. Editor DARSHAN GILL

## ਅੰਦਰ ਪੜ੍ਹੋ —

ਆਸਾਮ ਵਿਚ ਹਿੰਸਾਤਮਕ ਅੰਦੋਲਨ ਮੁਲਤਵੀ

ਖਾਲਸੇ ਦੇ ਜਨਮ ਦਿਹਾੜੇ ਤੇ ਐਬਟਸਫੋਰਡ ਵਿਚ ਮਹਾਨ ਨਗਰ ਕੀਰਤਨ

ਪੰਜਾਬੀ ਲੰਮੀ ਲੜਾਈ ਲਈ ਤਿਆਰ ਰਹਿਣ —ਲੌਂਗੋਵਾਲ

2 ਅਪਰੈਲ ਨੂੰ ਪੰਜਾਬੀ ਮਾਰਕਿਟ ਵਿਚ ਰੌਣਕਾਂ

ਵਿਸ਼ੇਸ਼ ਵਿਸਾਖੀ ਤੇ —

ਵਿਸਾਖੀ ਦੀ ਖਾਲਸੇ ਲਈ ਮਹਾਨਤਾ ਅਤੇ ਸੁਨੇਹਾ (ਗੁਰਨੱਾਮ ਸਿੰਘ ਸੰਘੇੜਾ)

ਵਿਸਾਖੀ ਖੁਸ਼ੀਆਂ ਭਰੀ ਤੇ ਗਮੀਆਂ ਭਰੀ

(ਪ੍ਰਿੰ: ਦਲੀਪ ਸਿੰਘ ਉੱਪਲ)

ਜਲ੍ਹਿਆਂ ਵਾਲੇ ਬਾਗ ਦਾ ਸਾਕਾ

ਪੰਜਾਬੀ ਸਭਿਆਚਾਰ ਵਿਸ਼ੇਸ਼ -

ਪੰਜਾਬੀ ਦਾ ਲੋਕ ਨਾਚ ਭੰਗੜਾ

ਪੰਜਾਬ ਦੇ ਮੇਲਿਆਂ ਦਾ ਸਭਿਆਚਾਰ

ਅੰਤਲੀ ਕਿਸ਼ਤ

ਮੁਹਿੰਦਰਪਾਲ ਸਿੰਘ ਦੀ 'ਜਥੇਦਾਰ' ਤ੍ਰਾਰਾ ਸਿੰਘ ਹੇਅਰ ਦੇ ਨਾਂ ਖੁਲ੍ਹੀ ਚਿੱਠੀ

# ਵਿਸਾਖੀ ਦੇ ਪੁਰਬ ਦੀ ਪਾਠਕਾਂ ਨੂੰ ਵਧਾਈ ਹੋਵੇ



ਗੁਰਦੁਆਰਾ ਸਾਹਿਬ ਐਬਟਸਫੋਰਡ ਦੇ 26 ਮਾਰਚ, ਦੇ ਨਗਰ ਕੀਰਤਨ ਦਾ ਇਕ ਦ੍ਰਿਸ਼



ਜੱਟਾ ਆਈ ਵਿਸਾਖੀ

**Bombay Sweet Manufacturer Inc.**

ਬੰਬੇ ਸਵੀਟ ਮਠਿਆਈ ਵਿਚ ਵਧੀਆ ਹੀ ਨਹੀਂ, ਸਗੋਂ ਸਭ ਤੋਂ ਵੱਡਾ ਵੀ ਹੈ

HEAD OFFICE
4405 Main St. (at 28th Ave)
Vancouver, B.C. V5V 3R2
Ph. (604) 874-5722

ਬੰਬੇ ਸਵੀਟ ਮੈਨੂਫੈਕਚਰਰ ਇ:

BRANCH
6545 Main St.(at 49th Ave)
Vancouver, B.C. V5X 3H1
Ph.(604) 321-1414

# ਇਮੀਗਰੇਸ਼ਨ ਦੇ ਵਜ਼ੀਰ ਐਕਸਵਰਦੀ ਵਲੋਂ ਥਾਪੇ ਗਏ ਵਕੀਲ ਦਾ ਬਾਈਕਾਟ ਕਰੋ—ਉਜੱਲ

ਕੈਨੇਡਾ ਦਾ ਇਤਿਹਾਸ ਗਵਾਹ ਹੈ ਕਿ ਜਦੋਂ ਭੀ ਆਰਥਿਕ ਮੰਦਵਾੜਾ ਆਇਆ ਹੈ ਤਾਂ ਸਾਡੇ ਵਰਗੇ ਘੱਟ ਗਿਣਤੀਆਂ ਦੇ ਲੋਕਾਂ ਨੂੰ ਕੁਰਬਾਨੀ ਦਾ ਬੱਕਰਾ ਬਣਾਇਆ ਜਾਂਦਾ ਰਿਹਾ ਹੈ। ਜਦੋਂ ਪਿਛੇ ਜਿਹੇ 1976-77 ਵਿਚ ਆਰਥਿਕ ਮੁਸ਼ਕਲਾਂ ਕੈਨੇਡਾ ਨੂੰ ਪੇਸ਼ ਆਈਆਂ ਤਾਂ ਸਰਕਾਰ ਨੇ ਆਰਥਿਕਤਾ ਉਪਰ ਗਰੀਨ ਪੇਪਰ ਪੇਸ਼ ਕਰਨ ਦੀ ਜਗ੍ਹਾ ਇਮੀਗਰੇਸ਼ਨ ਦੇ ਮਸਲੇ ਪੁਰ ਗਰੀਨ ਪੇਪਰ ਪੇਸ਼ ਕਰਕੇ ਨਸਲਪਰਸਤੀ ਨੂੰ ਹਵਾ ਦਿਤੀ। ਅਸੀਂ ਸਾਰਿਆਂ ਨੇ ਉਸ ਵੇਲੇ ਆਪਣੇ ਆਪਣੇ ਸੁਝਾਅ ਵਧ ਚੜ੍ਹ ਕੇ ਪੇਸ਼ ਕੀਤੇ। ਉਹਨਾਂ ਦਾ ਕੋਈ ਅਸਰ ਨਹੀਂ ਹੋਇਆ। ਗਰੀਨ ਪੇਪਰ ਦੀਆਂ ਸਾਰੀਆਂ ਸਕੀਮਾਂ ਕਾਨੂੰਨ ਦੀ ਸ਼ਕਲ ਵਿਚ ਪਾਸ ਹੋ ਗਈਆਂ। ਨਾਲ ਨਾਲ ਸਰਕਾਰ ਨੂੰ ਇਹ ਫਾਇਦਾ ਹੋ ਗਿਆ ਕਿ ਲੋਕਾਂ ਵਲੋਂ ਸਰਕਾਰ ਤੇ ਗੁੱਸਾ ਜ਼ਾਹਿਰ ਕਰਨ ਦੀ ਵਜਾਇ ਨਸਲਪਰਸਤਾਂ ਨੇ ਸਾਰਾ ਗੁੱਸਾ ਸਾਡੇ ਤੇ ਕੱਢ ਮਾਰਿਆ। ਇਸ ਨਾਲ ਸਰਕਾਰ ਨੂੰ ਜ਼ਰਾ ਸੌਖਾ ਸਾਹ ਲੈਣ ਦਾ ਮੌਕਾ ਮਿਲ ਗਿਆ।

ਹੁਣ ਭੀ ਕੈਨੇਡੀਅਨ ਇਮੀਗਰੇਸ਼ਨ ਮਹਿਕਮੇ ਵਲੋਂ ਥਾਪੀ ਹੋਈ ਕੌਂਸਲ ਨੇ ਇਹ ਸੁਝਾਅ ਪੇਸ਼ ਕੀਤੇ ਹਨ ਵਜ਼ੀਰ ਨੂੰ ਕਿ ਜਿੰਨੇ ਵੀ ਕੈਨੇਡਾ ਵਿਚ ਗੈਰ ਕਾਨੂੰਨੀ ਇਮੀਗਰੈਂਟ ਹਨ, ਉਹਨਾਂ ਨੂੰ ਇਥੇ ਰਹਿਣ ਦੀ ਜਨਰਲ ਐਮਨੇਸਟੀ (ਆਮ ਮੁਹਲਤ) ਦਿੱਤੀ ਜਾਵੇ। ਐਕਸਵਰਦੀ ਨੇ ਉਸ ਸੁਝਾਅ ਉਤੇ ਅਮਲ ਕਰਨ ਦੀ ਬਜਾਇ ਸਾਡੀਆਂ ਸੰਸਥਾਵਾਂ ਪਾਸੋਂ ਉਸ ਸੁਝਾਅ ਬਾਰੇ ਵਿਚਾਰ ਪੁੱਛੇ। ਅਸੀਂ ਮੇਰਾ ਖਿਆਲ ਸਾਰਿਆਂ ਨੇ ਇਹ ਵਿਚਾਰ ਪੇਸ਼ ਕੀਤਾ ਕਿ ਜਿੰਨੇ ਵੀ ਲੋਕ ਇਥੇ illegal ਤੌਰ ਪੁਰ ਰਹਿ ਰਹੇ ਹਨ ਉਹਨਾਂ ਨੂੰ ਇਥੇ ਕਾਨੂੰਨੀ ਤੌਰ ਤੇ ਰਹਿਣ ਦੀ ਮੋਹਲਤ ਦਿੱਤੀ ਜਾਵੇ। ਉਸਨੇ ਚਿੱਠੀਆਂ ਵਿਚ ਇਹ ਸਾਫ ਤੌਰ ਤੇ ਕਿਹਾ ਕਿ ਸਰਕਾਰ ਦੀ ਇਹ ਪਾਲਿਸੀ ਨਹੀਂ ਅਤੇ ਸਰਕਾਰ ਦਾ ਕੋਈ ਇਰਾਦਾ ਨਹੀਂ। ਅਡਵਾਈਜ਼ਰੀ ਕੌਂਸਲ ਦੇ ਸੁਝਾਵਾਂ ਉਪਰ ਅਮਲ ਕਰਨ ਦਾ। ਨਾਲ ਹੀ ਉਸ ਨੇ ਇਹ ਐਲਾਨ ਕੀਤਾ ਕਿ ਉਹ ਬੀ. ਸੀ. ਦੇ ਇਕ ਵਕੀਲ ਰੌਬਿਨਸਨ ਨੂੰ ਇਸ ਕੰਮ ਲਈ ਥਾਪ ਰਿਹਾ ਹੈ ਕਿ ਉਹ ਕੈਨੇਡਾ ਵਿਚ ਕੌਮੀ ਪੱਧਰ ਤੇ ਇਹ ਬਹਿਸ ਸ਼ੁਰੂ ਕਰਵਾਏ ਕਿ ਗੈਰ ਕਾਨੂੰਨੀ ਇਮੀਗਰੈਂਟਾ ਦੇ ਸਬੰਧ ਵਿਚ ਕੀ ਹੋਣਾ ਚਾਹੀਦਾ ਹੈ? ਵਜ਼ੀਰ ਦੇ ਕਹਿਣ ਮੁਤਾਬਿਕ ਇਹ ਜ਼ਰੂਰੀ ਹੈ ਕਿ ਸਾਰੇ ਕੈਨੇਡੀਅਨ ਇਸ ਮਸਲੇ ਬਾਰੇ ਆਪਣੇ ਵਿਚਾਰ ਇਕ ਪਬਲਿਕ ਡੀਬੇਟ ਦੇ ਤੌਰ ਪੁਰ ਪੇਸ਼ ਕਰ ਸਕਣ ਜਿਸ ਤੋਂ ਉਪਰੰਤ ਰੌਬਿਨਸਨ ਆਪਣੀ ਰੀਪੋਰਟ ਦੇਵੇਗਾ।

ਐਕਸਵਰਦੀ ਵਲੋਂ ਇਹ ਸਾਡੇ ਘੱਟ-ਗਿਣਤੀ ਦੇ ਲੋਕਾਂ ਨਾਲ ਸਰਾਸਰ ਧੋਖਾ ਹੈ। ਜੇ ਉਸ ਨੇ ਮੁਹਲਤ ਨਹੀਂ ਦੇਣੀ ਗੈਰਕਾਨੂੰਨੀ ਇਮੀਗਰੈਂਟਾਂ ਨੂੰ ਨਾ ਦੇਵੇ। ਪਰ ਉਸਦੇ ਇਸ ਕਦਮ ਨਾਲ ਜੋ ਡੀਬੇਟ ਹੋਏਗੀ ਉਸ ਨਾਲ ਨਸਲਪਰਸਤਾਂ ਨੂੰ ਫਿਰ ਸਿਰ ਚੁਕਣ ਦਾ ਮੌਕਾ ਮਿਲੇਗਾ। ਇਹ ਗੱਲ ਐਕਸਵਰਦੀ ਕੋਲੋਂ ਗੁੱਝੀ ਨਹੀਂ। ਇਸ ਤੋਂ ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਐਕਸਵਰਦੀ ਜਾਣ ਬੁਝ ਕੇ ਸਾਰਾ ਕੁਝ ਕਰ ਰਿਹਾ ਹੈ ਤਾਂ ਕਿ ਫਿਰ ਗਰੀਨ ਪੇਪਰ ਦੇ ਦੌਰ ਦੀ ਤਰਾਂ ਘੱਟ ਗਿਣਤੀ ਦੇ ਲੋਕਾਂ ਨੂੰ ਆਰਥਿਕ ਮੰਦਵਾੜੇ ਲਈ ਜ਼ਿੰਮੇਵਾਰ ਠਹਿਰਾ ਕੇ ਫਿਰ ਮੁਹਲਤ ਨਾ ਦੇਣ ਦਾ ਫੈਸਲਾ ਦਿਤਾ ਜਾਵੇ। ਜੇ ਇਹ ਐਕਸਵਰਦੀ ਦਾ ਇਰਾਦਾ ਨਹੀਂ ਤਾਂ ਚਾਹੀਦਾ ਹੈ ਕਿ ਐਕਸਵਰਦੀ ਇਸ ਨਿਯੁਕਤੀ ਨੂੰ ਵਾਪਸ ਲਵੇ। ਸਾਨੂੰ ਇਹ ਡੀਬੇਟ ਨਹੀਂ ਚਾਹੀਦੀ। ਸਾਡੇ ਲਈ ਇਹ ਬਹੁਤ ਹਾਨੀਕਾਰਕ ਹੋਵੇਗੀ। ਫੈਸਲੇ ਤਾਂ ਸਰਕਾਰ ਨੇ ਪਹਿਲਾਂ ਹੀ ਕੀਤੇ ਹੋਏ ਹੁੰਦੇ ਹਨ। ਸੋ ਮੁਹਲਤ ਮਿਲੇ ਜਾਂ ਨਾ ਡੀਬੇਟ ਇਕ ਫਰੇਬ ਦੀ ਤਰਾਂ ਹੈ।

ਕਿਉਂਕਿ ਇਹ ਡੀਬੇਟ ਸਾਡੇ ਵਾਕਾਰ ਲਈ ਸਮਾਜਿਕ ਤੌਰ ਤੇ ਹਾਨੀਕਾਰਕ ਹੋਵੇਗੀ। ਨਸਲੀ ਭਾਵਨਾਵਾਂ ਨੂੰ ਹੌਸਲਾ ਦੇਵੇਗੀ। ਇਸ ਕਰਕੇ ਸਾਨੂੰ ਇਸ ਡੀਬੇਟ ਦਾ ਬਾਈਕਾਟ ਕਰਨਾ ਚਾਹੀਦਾ ਹੈ। ਕਈ ਦਫਾ ਜਿੰਨਾ ਤਕੜਾ constitution ਅਸੀਂ ਬਾਈਕਾਟ ਕਰਕੇ ਪਾ ਸਕਦੇ ਹਾਂ ਉਨਾ ਹੀ ਹਿੱਸਾ ਲੈਣ ਨਾਲ ਨਹੀਂ ਪਾਇਆ ਜਾ ਸਕਦਾ। ਸਾਡੇ ਬਾਈਕਾਟ ਨਾਲ ਸਰਕਾਰ ਨੂੰ ਕੰਨ ਹੋ ਜਾਣਗੇ ਕਿ ਅਸੀਂ ਚੁੱਪ ਗੜੁਪ ਸਾਰਾ ਕੁਝ ਨਹੀਂ ਸਹਾਂਗੇ। ਬਾਈਕਾਟ ਬਾਰੇ ਸਾਨੂੰ ਪਰੈਸ ਨਾਲ ਤਾਲਮੇਲ ਕਰਨਾ ਚਾਹੀਦਾ ਹੈ ਤਾਂ ਕਿ ਬਾਈਕਾਟ ਦਾ ਲੋਕਾਂ ਨੂੰ ਪਤਾ ਲੱਗੇ। ਬਾਈਕਾਟ ਜ਼ਰੂਰੀ ਹੈ। ਇਹ ਕਹਿਣਾ ਕਿ ਉਸ (ਰੌਬਿਨਸ਼ਨ) ਨੇ ਰੀਪੋਰਟ ਤਾਂ ਦੇਣੀ ਹੀ ਹੈ ਕਿਉਂ ਨਾ ਅਸੀਂ ਹਿੱਸਾ ਲਈਏ ਡੀਬੇਟ ਵਿਚ? ਕਿਉਂ ਨਾ ਆਪਣੇ ਵਿਚਾਰ ਦੇਈਏ? ਇਹ ਸਾਰਾ ਕੁਝ ਅਸੀਂ ਬਾਈਕਾਟ ਕਰਦੇ ਹੋਏ ਚੰਗੀ ਤਰਾਂ ਕਰ ਸਕਦੇ ਹਾਂ ਅਤੇ ਨਾਲ ਨਾਲ ਸਰਕਾਰ ਦੀਆਂ ਚਾਲਾਂ ਨੂੰ ਨੰਗਿਆਂ ਕਰ ਸਕਦੇ ਹਾਂ। ਜੇ ਅਸੀਂ ਬਾਈਕਾਟ ਨਾ ਕੀਤਾ ਤਾਂ ਇਹ ਸਮਝਿਆ ਜਾਵੇਗਾ ਕਿ ਅਸੀਂ ਐਕਸਵਰਦੀ ਦੀਆਂ ਚਾਲਾਂ ਪੁਰ ਫੁੱਲ ਚੜਾਉਂਦੇ ਹਾਂ। ਸਾਨੂੰ ਤਕੜੇ ਹੋਣਾ ਚਾਹੀਦਾ ਹੈ। ਆਪਣੀ ਹੋਂਦ ਤੇ ਮਾਣ ਕਰਦੇ ਹੋਏ ਸਾਨੂੰ ਇਸ ਡੀਬੇਟ ਦਾ ਬਾਈਕਾਟ ਕਰਨਾ ਚਾਹੀਦਾ ਹੈ। ਨਾਲ ਹੀ ਸਰਕਾਰ ਨੂੰ ਚਾਹੀਦਾ ਹੈ ਆਰਥਿਕ ਮੰਦਵਾੜੇ ਉਪਰ ਡੀਬੇਟ ਕੀਤੀ ਜਾਵੇ ਤਾਂ ਕਿ ਮਜ਼ਦੂਰਾਂ ਨੂੰ ਇਹ ਮੌਕਾ ਮਿਲ ਸਕੇ ਕਿ ਉਹ ਸਿੱਧੇ ਤੌਰ ਤੇ ਸਰਕਾਰ ਪੁਰ ਆਪਣਾ ਗੁੱਸਾ ਜ਼ਾਹਿਰ ਕਰ ਸਕਣ। ਅਸੀਂ ਕੁਰਬਾਨੀ ਦੇ ਬੱਕਰੇ ਨਹੀਂ ਬਣਾਂਗੇ।

## ਸੁਕਾਮਸ਼, ਬੀ. ਸੀ. ਵਿਖੇ ਨਵਾਂ ਗੁਰੂ ਘਰ

20 ਮਾਰਚ, 1983 ਨੂੰ ਗੁਰੂ ਘਰ ਦੀ ਅਪਾਰ ਬਖਸ਼ਸ਼ ਦੁਆਰਾ ਅਤੇ ਸੁਕਾਮਸ਼ ਦੀਆਂ ਸੰਗਤਾਂ ਦੇ ਉਦਮ ਨਾਲ ਨਵੇਂ ਗੁਰੂ ਘਰ ਦੀ ਇਮਾਰਤ ਮੁਕੰਮਲ ਹੋਈ ਹੈ। ਅਖੰਡ ਪਾਠ ਦੇ ਭੋਗ ਉਪਰੰਤ ਨਿਸ਼ਾਨ ਸਾਹਿਬ ਨੂੰ ਲਹਿਰਾਉਣ ਦੀ ਰਸਮ ਪੰਜਾਂ ਪਿਆਰਿਆਂ ਵਲੋਂ ਕੀਤੀ ਗਈ। ਬੀ. ਸੀ. ਦੀਆਂ ਸੁਸਾਇਟੀਆਂ ਵਲੋਂ ਇਹ ਸ਼ੁਭ ਅਵਸਰ ਤੇ ਨੁਮਾਇੰਦੇ ਭੇਜੇ ਗਏ, ਅਤੇ ਯਥਾ ਸ਼ਕਤ ਮਾਇਆ ਵੀ ਦਿਤੀ ਗਈ। ਬਾਹਰੋਂ ਆਈਆਂ ਸੁਸਾਇਟੀਆਂ ਦੇ ਨੁਮਾਇੰਦਿਆਂ ਨੇ ਸੁਕਾਮਸ਼ ਦੀਆਂ ਸੰਗਤਾਂ ਨੂੰ ਸ਼ੁਭ ਇਛਾਵਾਂ ਤੇ ਗੁਰੂ ਘਰ ਦੇ ਮੁਕੰਮਲ ਹੋਣ ਤੇ ਵਧਾਈ ਦਿਤੀ। ਸ਼ਹਿਰ ਦੇ ਲੋਕਲ ਪਤਵੰਤੇ ਮੈਂਬਰ ਆਫ ਪਾਰਲੀਮੈਂਟ, ਜੱਜ, ਮੇਅਰ ਅਤੇ ਹੋਰ ਸਜਣਾਂ ਨੇ ਵੀ ਇਸ ਅਵਸਰ ਤੇ ਪਹੁੰਚ ਕੇ ਵਧਾਈ ਦਿਤੀ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਤੋਂ ਪਹੁੰਚੇ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਉਣ ਤੋਂ ਇਲਾਵਾ ਧਾਰਮਿਕ ਪ੍ਰੋਗਰਾਮ ਦੇ ਕਰ ਬਹੁਤ ਸੁੰਦਰ ਪ੍ਰਭਾਵ ਪਾਊ ਵਾਤਾਵਰਣ ਬਣਾ ਦਿਤਾ। ਸਭ ਬੱਚਿਆਂ ਨੇ ਕੇਸਰੀ ਰੰਗ ਦੇ ਬਾਣੇ ਪਹਿਨੇ ਹੋਏ ਸਨ। ਗੁਰੂ ਮਹਾਰਾਜ ਸਭ ਨੂੰ ਗੁਰੂ ਘਰਾਂ ਦੇ ਪ੍ਰਬੰਧ ਗੁਰਮਰਯਾਦਾ ਨਾਲ ਚਲਾਉਣ ਲਈ ਪ੍ਰਸਪਰ ਪਿਆਰ ਏਕਤਾ ਅਤੇ ਸਿਖੀ ਸ਼ਰਧਾ ਬਖਸ਼ੇ।

## ਡਾਕਟਰ ਚੌਹਾਨ ਅਮਰੀਕਾ ਦੇ ਸ਼ਹਿਰ ਬਲੇਨ ਵਿਚ

## ਨਗਰ ਕੀਰਤਨ ਸਮੇਂ ਪੰਜਾਬੀ ਮਾਰਕਿਟ ਵਿਚ ਰੌਣਕਾਂ

ਪੰਜਾਬੀ-ਇੰਡੀਆ ਮਾਰਕਿਟ ਐਸੋਸੀਏਸ਼ਨ ਦੇ ਸਕੱਤਰ ਮਹੇਸ਼ ਸਵਾਲੀ ਨੇ ਸਾਡੇ ਨੁਮਾਇੰਦੇ ਨੂੰ ਦਸਿਆ ਕਿ ਉਨ੍ਹਾਂ ਨੂੰ ਇਹ ਜਾਣਕੇ ਖੁਸ਼ੀ ਹੋਈ ਹੈ ਕਿ ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਵਲੋਂ ਸਲਾਨਾ ਨਗਰ ਕੀਰਤਨ ਇਸ ਸਾਲ 2 ਅਪ੍ਰੈਲ 1983 ਨੂੰ ਕੀਤਾ ਜਾ ਰਿਹਾ ਹੈ। ਜਲੂਸ ਪਹਿਲੇ ਸਾਲਾਂ ਦੀ ਤਰਾਂ ਇਸ ਸਾਲ ਵੀ ਪੰਜਾਬੀ ਮਾਰਕਿਟ ਵਿਚ ਦੀ ਲੰਘੇਗਾ। ਐਸੋਸੀਏਸ਼ਨ ਵਲੋਂ ਉਸ ਦਿਨ ਜਲੂਸ ਦੇ ਸੁਆਗਤ ਲਈ ਪੰਜਾਬੀ ਮਾਰਕਿਟ ਨੂੰ ਪੂਰੀ ਤਰਾਂ ਸਜਾਇਆ ਜਾਵੇਗਾ। ਸਭ ਮੈਂਬਰ ਦੁਕਾਨਦਾਰ ਵੱਡੀਆਂ ਵੱਡੀਆਂ ਸੇਲਜ਼ ਦੀਆਂ ਤਿਆਰੀਆਂ ਕਰ ਰਹੇ ਹਨ। ਪੂਰਨ ਆਸ ਹੈ ਕਿ ਹਜ਼ਾਰਾਂ ਹੀ ਲੋਕ ਪੰਜਾਬੀ ਮਾਰਕਿਟ ਵਿਚ ਆ ਕੇ ਜਲੂਸ ਦੀ ਰੌਣਕ ਵਧਾਣਗੇ ਅਤੇ ਲੱਗੀਆਂ ਸੇਲਜ਼ ਦਾ ਲਾਭ ਉਠਾਣਗੇ।

## ਆਸਾਮੀਆਂ ਵਲੋਂ ਅੰਦੋਲਨ ਮੁਲਤਵੀ

ਨਵੀਂ ਦਿੱਲੀ—ਆਸਾਮੀ ਗਰਮ ਧੜੇ ਦੇ ਲੀਡਰਾਂ ਵਲੋਂ ਆਵਾਸੀ-ਵਿਰੋਧੀ ਅੰਦੋਲਨ ਮੁਲਤਵੀ ਕਰ ਦਿਤਾ ਗਿਆ ਹੈ। ਹਿੰਸਾ ਵਿਚ ਹੁਣ ਤਕ 3000 ਤੋਂ ਵਧੀਕ ਬੰਦੇ ਮਰ ਚੁਕੇ ਹਨ ਤੇ ਦੋ ਲੱਖ ਪੰਜਾਹ ਹਜ਼ਾਰ ਬੇਘਰ ਹੋ ਗਏ ਹਨ।

ਐਤਵਾਰ ਨੂੰ ਗੋਹਾਟੀ ਵਿਚ ਆਲ-ਆਸਾਮ ਸਟੂਡੈਂਟਸ ਯੂਨੀਅਨ ਤੇ ਆਲ-ਆਸਾਮ ਗਨ ਸੰਗਰਾਮ ਪ੍ਰੀਸ਼ਦ ਨੇ ਆਪਣਾ ਅੰਦੋਲਨ ਬੰਦ ਕਰ ਦਿਤਾ ਹੈ। ਇਸਦਾ ਕਾਰਲ ਹਿੰਸਾਤਮਕ ਘਟਨਾਵਾਂ ਦਾ ਲਗਾਤਾਰ ਵਾਪਰਨਾ ਹੈ। ਦੋਵੇਂ ਜਥੇਬੰਦੀਆਂ ਹੁਣ ਸ਼ਾਂਤੀ ਲਈ ਕੰਮ ਕਰਨਗੀਆਂ।

ਪਰ ਉਨ੍ਹਾਂ ਕਿਹਾ ਕਿ ਉਹ ਸਰਕਾਰ ਨਾਲ ਮਿਲਵਰਤਣ ਨਹੀਂ ਕਰਲਗੇ ਕਿਉਂਕਿ ਸਰਕਾਰ ਆਵਾਸੀਆਂ ਦੀਆਂ ਵੋਟਾਂ ਨਾਲ ਚੁਣ ਗਈ ਹੈ

ਉਨ੍ਹਾਂ ਨੇ ਆਸਾਮ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆ ਪਬਲਿਕ ਰੈਲੀਆਂ ਦਾ ਬਾਈਕਾਟ ਕਰਨ। ਬੁੱਧਵਾਰ ਇੰਦਰਾ ਗਾਂਧੀ ਗੋਹਾਟੀ ਜਾ ਰਹੀ ਹੈ।

ਮਰਨ ਵਾਲਿਆਂ ਵਿਚ ਬਹੁਤੀ ਗਿਣਤੀ ਬੰਗਲਾ ਦੇਸ਼ ਤੋਂ ਆਸਾਮ ਵਿਚ ਆਏ ਆਵਾਸੀਆਂ ਦੀ ਹੈ।

---

ਕੋਈ ਤੁਹਾਡੀ ਪਿੱਠ ਤੇ ਸਵਾਰੀ ਨਹੀਂ ਕਰ ਸਕਦਾ, ਬਸ਼ਰਤੇ ਉਹ ਝੁਕੀ ਹੋਈ ਨਾ ਹੋਵੇ.

—ਮਾਰਟਿਨ ਲੂਥਰ ਕਿੰਗ


# MANN PHOTO STUDIO

6512 Main St. 49th Ave.
VANCOUVER, B.C.



Video Filming



ਲੇਡੀਜ਼ ਲਈ ਖਾਸ ਅਟਰੈਕਸ਼ਨ

ਕਸ਼ਮੀਰੀ ਡਰੈਸ ਪਾ ਕੇ ਫ਼ੋਟੋ ਖਿਚਵਾਓ

ਵਿਆਹ, ਕੁੜਮਾਈ, ਜਨਮ ਦਿਨ ਜਾਂ ਪਾਰਟੀ ਤੇ ਵੀਡੀਓ ਫ਼ਿਲਮਾਂ ਬਨਾਣ ਲਈ ਜਾਂ ਫ਼ੋਟੋ ਖਿਚਵਾਉਣ ਲਈ

ਮਾਨ ਫ਼ੋਟੋ ਸਟੂਡੀਓ ਨੂੰ ਹਮੇਸ਼ਾਂ ਯਾਦ ਰੱਖੋ

ਗਰੰਟੀ ਸ਼ੁਦਾ ਕਲੀਅਰ (Crystral Clear) ਮੂਵੀ ਬਣਾ ਕੇ ਦਿਤੀ ਜਾਵੇਗੀ ਅਤੇ ਵੀਡੀਓ ਮੂਵੀ ਪਿਛੇ ਢੁਕਵੇਂ ਗਾਣੇ ਵੀ ਭਰ ਕੇ ਦਿਤੇ ਜਾਣਗੇ

ਰੰਗਦਾਰ ਜਾਂ ਬਲੈਕ ਐਂਡ ਵਾਈਟ ਪਾਸਪੋਰਟ ਫ਼ੋਟੋ ਸਿਰਫ 5 ਮਿੰਟ ਵਿਚ ਖਿਚਵਾਓ

ਗਰੁਪ ਫ਼ੋਟੋ ਤੇ ਬੱਚਿਆਂ ਦੀ ਫ਼ੋਟੋ ਦੇ ਸਪੈਸ਼ਲ ਰੇਟ ਹਨ

Open 7 Days

CHARGEX VISA

Mail order accepted

MasterCard

ਇਸਦੇ ਨਾਲ ਨਾਲ Good Quality ਦੀਆਂ ਹਿੰਦੀ ਪੰਜਾਬੀ Video Movie Rent, exchange ਕਰੋ ਜਾਂ ਖਰੀਦੋ



ਗੁਰਪਾਲ ਮਾਨ

ਹੋਰ ਜਾਣਕਾਰੀ ਲਈ ਗੁਰਪਾਲ ਮਾਨ 321-6667

## ਸਮਸਿਆ ਦੀ ਜੜ੍ਹ ਅਕਾਲੀ-ਨਿਰੰਕਾਰੀ ਝਗੜਾ--ਸ਼ਰਮਾ

ਫਗਵਾੜਾ—ਪੰਜਾਬ ਇੰਕਾ ਦੇ ਪ੍ਰਧਾਨ ਹੰਸ ਰਾਜ ਸ਼ਰਮਾ ਨੇ ਕਿਹਾ ਹੈ ਕਿ ਪੰਜਾਬ ਦੀ ਮੌਜੂਦਾ ਸਮਸਿਆ ਦੀ ਜੜ੍ਹ ਅਕਾਲੀ-ਨਿਰੰਕਾਰੀ ਝਗੜਾ ਹੈ ਤੇ ਇਸ ਨੂੰ ਹਲ ਕਰਨ ਲਈ ਪਹਿਲਾਂ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਉਹ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸੀ।

## ਬੰਬ ਧਮਾਕੇ 'ਚ ਦੋ ਮੌਤਾਂ

ਫਗਵਾੜਾ—ਬੀਤੀ ਸ਼ਾਮ ਇਥੋਂ 35 ਕਿਲੋਮੀਟਰ ਦੂਰ ਪਿਡ ਗੜਵਾਲ ਵਿਚ ਇਕ ਬੰਬ ਧਮਾਕੇ ਵਿਚ ਦੋ ਮੌਤਾਂ ਹੋਣ ਦੀ ਖਬਰ ਹੈ। ਮਿਲੀ ਜਾਣਕਾਰੀ ਮੁਤਾਬਕ ਉਹ ਇਕ ਹੱਥ ਗੋਲੇ ਵਿਚੋਂ ਪਿੱਤਲ ਕੱਢ ਰਹੇ ਸਨ।

## ਗੁਟਨਿਰਲੇਪ ਸੰਮੇਲਨ ਵਲੋਂ ਮੈਂਬਰ ਦੇਸ਼ਾਂ ਨੂੰ ਸੱਦਾ

## ਜੰਗੀ ਗੱਠਜੋੜਾਂ ਤੋਂ ਪਰ੍ਹੇ ਰਹੋ

ਨਵੀਂ ਦਿੱਲੀ—ਇਥੇ ਸਮਾਪਤ ਹੋਏ ਸੱਤਵੇਂ ਗੁਟ ਨਿਰਲੇਪ ਸਿਖਰ ਸੰਮੇਲਨ ਨੇ ਮੈਂਬਰ ਦੇਸਾਂ ਨੂੰ ਲਹਿਰ ਦੀ ਮੈਂਬਰਸ਼ਿਪ ਲਈ ਕਸਵੱਟੀ ਦਾ ਸਖਤੀ ਨਾਲ ਪਾਲਣ ਕਰਨ ਲਈ ਕਿਹਾ ਹੈ ਜੋ ਕਿ ਸਾਡੇ ਉਤੇ ਫੌਜੀ ਗੱਠਜੋੜਾਂ ਵਿਚ ਸ਼ਾਮਲ ਹੋਣ ਅਤੇ ਬਦੇਸ਼ੀ ਤਾਕਤਾਂ ਨੂੰ ਫੌਜੀ ਅੱਡੇ ਜਾਂ ਇਹਨਾਂ ਅਡਿਆਂ ਲਈ ਸਹੂਲਤਾਂ ਦੇਣ ਉਤੇ ਪਾਬੰਦੀ ਲਾਉਂਦੀ ਹੈ।

ਸੰਮੇਲਨ ਵਲੋਂ ਅੰਤਿਮ ਸ਼ੈਸ਼ਨ ਵਿਚ ਪਰਵਾਨ ਕੀਤੇ ਗਏ ਰਾਜਨੀਤਕ ਐਲਾਨਨਾਮੇ ਵਿਚ ਇਹ ਗਲ ਦੁਹਰਾਈ ਗਈ ਹੈ ਕਿ ਅਸੀਂ ਲਹਿਰ ਦੇ ਅਸੂਲਾਂ ਅਤੇ ਉਦੇਸ਼ਾਂ ਲਈ ਸਖਤੀ ਨਾਲ ਵਚਨਬਧ ਹਾਂ।

ਇਹ ਐਲਾਨਨਾਮਾ ਜ਼ੋਰ ਦਿੰਦਾ ਹੈ ਕਿ ਕਿਸੇ ਵੀ ਦੇਸ ਵਲੋਂ ਇਹਨਾਂ ਅਸੂਲਾਂ ਦੀ ਉਲੰਘਣਾ ਕਿਸੇ ਵੀ ਹਾਲਤ ਵਿਚ ਜਵਾਬ ਨਹੀਂ ਅਤੇ ਇਹ ਉਲੰਘਣਾ ਮੁਕੰਮਲ ਤੌਰ ਉਤੇ ਅਪਰਵਾਨ ਹੈ। ਇਸ ਸਬੰਧ ਵਿਚ ਐਲਾਨਨਾਮਾ ਆਖਦਾ ਹੈ ਕਿ ਗੁਟਨਿਰਲੇਪ ਲਹਿਰ ਦੇ ਮੈਂਬਰ ਦੇਸ਼ ਅਜਿਹੀ ਕਿਸੇ ਵੀ ਕਾਰਵਾਈ ਵਿਚ ਕੋਈ ਧਿਰ ਬਣਨ ਜਾਂ ਅਜਿਹੀ ਕਾਰਵਾਈ ਕਰਨ ਤੋਂ ਗੁਰੇਜ ਕਰਨ ਜੋ ਕਿ ਫੌਜੀ ਟਕਰਾਉ ਪੈਦਾ ਕਰਦੀ ਹੋਵੇ ਅਤੇ ਫੌਜੀ ਗਠਜੋੜਾਂ ਨੂੰ ਮਜ਼ਬੂਤ ਕਰੇ।

## ਪੰਜਾਬੀ ਲੰਮੀ ਲੜਾਈ ਲਈ ਤਿਆਰ ਰਹਿਣ—ਲੌਂਗੋਵਾਲ

ਅੰਮ੍ਰਿਤਸਰ—ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿਤਾ ਕਿ ਉਹ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਮਨਵਾਉਣ ਲਈ ਲੰਮੀ ਤੇ ਫੈਸਲਾਕੁਨ ਲੜਾਈ ਲਈ ਤਿਆਰ ਰਹਿਣ। ਅਜ ਇਥੋਂ ਜਾਰੀ ਕੀਤੇ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਾਣ ਬੁਝ ਕੇ ਮੰਗਾਂ ਨਹੀਂ ਮੰਨ ਰਹੀ। ਉਹਨਾਂ ਚਿਤਾਵਨੀ ਦਿਤੀ ਕਿ ਆਮ ਕਰਕੇ ਪੰਜਾਬੀਆਂ ਤੇ ਖਾਸ ਕਰਕੇ ਸਿੱਖਾਂ ਕੋਲ ਫੈਸਲਾਕੁਨ ਲੜਾਈ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ। ਉਹਨਾਂ ਅਕਾਲੀ ਐਮ. ਪੀਜ਼. ਤੇ ਵਿਧਾਇਕਾਂ ਵਾਂਗ ਦੂਜੀਆਂ ਪਾਰਟੀਆਂ ਦੇ ਮੈਂਬਰਾਂ ਨੂੰ ਵੀ ਅਸਤੀਫੇ ਦੇਣ ਲਈ ਕਿਹਾ ਹੈ ਕਿ ਅਸਤੀਫੇ ਨਾ ਦੇਣਾ ਪੰਜਾਬ ਦੇ ਹਿਤਾਂ ਨਾਲ ਗਦਾਰੀ ਹੈ।

## ਅੱਜ ਤੋਂ ਭਾਰਤ ਲਈ ਮਾਰਕਸਵਾਦ ਬਹੁਤ ਉਪਯੋਗੀ--ਨੰਬੂਦਰੀਪਾਦ

ਤ੍ਰੀਵੇਂਦਰਮ—ਮਾਰਕਸੀ ਪਾਰਟੀ ਦੇ ਜਨਰਲ ਸਕੱਤਰ ਈ. ਐਮ. ਐਸ. ਨੰਬੂਦਰੀਪਾਦ ਨੇ ਕੱਲ੍ਹ ਇਥੇ ਕਿਹਾ ਕਿ ਕਾਰਲ ਮਾਰਕਸ ਨੂੰ ਆਪਣੇ ਸਮੇਂ ਵਿਚ ਭਾਰਤੀ ਸਮਸਿਆਵਾਂ ਦਾ ਗੂੜ੍ਹ ਗਿਆਨ ਸੀ ਅਤੇ ਅੱਜ ਦੇ ਭਾਰਤੀ ਸੰਦਰਭ ਵਿਚ ਮਾਰਕਸਵਾਦ ਦੀ ਉਪਯੋਗਤਾ ਬਹੁਤ ਵੱਧ ਹੈ।

ਇਥੇ ਕਾਰਲ ਮਾਰਕਸ ਦੀ ਸ਼ਤਾਬਦੀ ਬਰਸੀ ਦੇ ਸਬੰਧ ਵਿਚ ਕਰਾਈ ਗਈ ਇਕ ਗੋਸ਼ਟੀ ਵਿਚ 'ਮਾਰਕਸ ਤੋਂ 100 ਸਾਲ ਬਾਦ ਮਾਰਕਸਵਾਦ' ਉਪਰ ਆਪਣਾ ਪਰਚਾ ਪੇਸ਼ ਕਰਦੇ ਹੋਏ ਸ੍ਰੀ ਨੰਬੂਦਰੀਪਾਦ ਨੇ ਕਿਹਾ ਕਿ ਭਾਰਤ ਦੀ ਸਥਿਤੀ ਬਾਰੇ ਮਾਰਕਸ ਵਲੋਂ ਉਠਾਏ ਗਏ ਸਵਾਲ ਅਤੇ ਉਹਨਾਂ ਵਲੋਂ ਦਿਤੇ ਗਏ ਜਵਾਬ ਅਜੇ ਵੀ ਪੂਰੀ ਤਰ੍ਹਾਂ ਉਪਯੋਗਤਾ ਰਖਦੇ ਹਨ। ਜਿਵੇਂ ਕਿ ਇਤਿਹਾਸਕ ਹਾਲਤਾਂ ਜਿਨ੍ਹਾਂ ਕਾਰਨ ਅੰਗਰੇਜ਼ ਭਾਰਤ ਤੇ ਆਪਣਾ ਸਾਮਰਾਜ ਕਾਇਮ ਕਰਨ ਦੇ ਸਮਰਥ ਹੋਏ ਅਤੇ ਜਿਸ ਵੱਲ ਉਹਨਾਂ ਧਿਆਨ ਖਿਚਿਆ ਉਹ ਸੀ ਮੁਸਲਮਾਨਾਂ ਅਤੇ ਹਿੰਦੂਆਂ ਵਿਚ ਵੰਡ, ਕਬੀਲੇ ਅਤੇ ਕਬੀਲੇ ਵਿਚ ਵੰਡ ਅਤੇ ਜ਼ਾਤ ਅਤੇ ਜ਼ਾਤ ਵਿਚ ਵੰਡ ਅਜੇ ਵੀ ਜਾਰੀ ਹੈ।

ਸ੍ਰੀ ਨੰਬੂਦਰੀਪਾਦ ਨੇ ਕਿਹਾ ਕਿ ਮਾਰਕਸ ਦੀ ਸ਼ਤਾਬਦੀ ਬਰਸੀ ਸਕਾਲਰਾਂ, ਟਿਪਣੀਕਾਰਾਂ ਅਤੇ ਨਾਗਰਕਿ ਵਿਗਿਆਨੀਆਂ ਨੂੰ ਮਾਰਕਸਵਾਦ ਦਾ ਅਰਥ ਸਮਝਣ ਅਤੇ ਪਿਛਲੇ 100 ਸਾਲ ਦੇ ਤਜਰਬੇ ਦੀ ਰੋਸ਼ਨੀ ਵਿਚ ਇਸ ਦੀ ਮੰਨਣ ਯੋਗਤਾ ਦਾ ਮੁਲਅੰਕਣ ਕਰਨ ਦਾ ਮੌਕਾ ਮੁਹਈਆ ਕਰੇਗੀ।

## ਸੁਭਾਸ਼ ਬਾਰੇ ਮਾਈਕਰੋ ਫ਼ਿਲਮਾਂ

ਨਵੀਂ ਦਿੱਲੀ—ਰਾਸ਼ਟਰੀ ਅਜਾਇਬ ਘਰ ਨੇ ਇੰਡੀਆ ਆਫਿਸ ਲਾਇਬਰੇਰੀ ਐਂਡ ਰੀਕਾਰਡਜ਼ ਲੰਡਨ ਤੋਂ ਨੇਤਾ ਜੀ ਸੁਭਾਸ਼ ਚੰਦਰ ਦੀਆਂ 1939 ਤੋਂ 1941 ਦੀਆਂ ਸਰਗਰਮੀਆਂ ਸਬੰਧੀ ਦਸਤਾਵੇਜ਼ਾਂ ਤੇ ਆਧਾਰਿਤ ਕੁਝ ਮਾਈਕਰੋ ਫ਼ਿਲਮਾਂ ਪ੍ਰਾਪਤ ਕੀਤਆਂ ਹਨ, ਜਿਨ੍ਹਾਂ ਵਿਚ ਦੋ—ਮਹਾਤਮਾ ਗਾਂਧੀ ਅਤੇ ਸੁਭਾਸ਼ ਚੰਦਰ ਬੋਸ ਵਿਚਾਲੇ ਲਿਖੇ ਗਏ ਖਤ ਹਨ ਜੋ ਦੋਨਾਂ ਨੇਤਾਵਾਂ ਵਿਚ ਪਾਏ ਜਾਣ ਵਾਲੇ ਮਤ ਭੇਦਾਂ ਤੇ ਚਾਨਣਾ ਪਾਉਂਦੇ ਹਨ।

## ਗਿਆਨਾ 'ਚ ਭਾਰਤੀ ਡਾਕਟਰਾਂ ਦੇ ਕੰਮ ਦੀ ਸ਼ਲਾਘਾ

ਨਵੀਂ ਦਿੱਲੀ—ਗਿਆਨਾ ਦੇ ਸਿਹਤ ਮੰਤਰੀ ਸ੍ਰੀ ਰਿਚਰਡ ਵਾਨ ਵੈਸਟ ਚਾਰਲਸ ਪਿਛਲੇ ਦਿਨੀਂ ਕੇਂਦਰੀ ਸਿਹਤ ਅਤੇ ਪਰਵਾਰ ਭਲਾਈ ਮੰਤਰੀ ਸ੍ਰੀ ਸ਼ੰਕਰਾਨੰਦ ਨੂੰ ਮਿਲੇ। ਉਨ੍ਹਾਂ ਨੇ ਗਿਆਨਾ ਵਿਚ ਅੱਖਾਂ ਦੀਆਂ ਬੀਮਾਰੀਆਂ ਦੇ ਇਲਾਜ ਸਬੰਧੀ ਭਾਰਤੀ ਡਾਕਟਰਾਂ ਦੇ ਸ਼ਾਨਦਾਰ ਕੰਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦੇਸ਼ ਰੇਡੀਓ ਥਰਾਪੀ, ਬੀਮਾਰੀਆਂ ਦੇ ਨੁਕਸ ਅਤੇ ਖੂਨ ਦੀਆਂ ਬੀਮਰੀਆਂ ਦੇ ਖੇਤਰ ਵਿਚ ਭਾਰਤ ਦੀ ਸਹਾਇਤਾ ਦਾ ਸੁਆਗਤ ਕਰੇਗਾ।

ਸ੍ਰੀ ਚਾਰਲਸ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਭਾਰਤ ਤੋਂ ਹਸਪਤਾਲ ਦਾ ਸਾਜ਼-ਸਾਮਾਨ ਖਰੀਦਣ ਦੀਆਂ ਸੰਭਾਵਨਾਵਾਂ ਦਾ ਜਾਇਜ਼ਾ ਲਵੇਗਾ।

ਸ੍ਰੀ ਸ਼ੰਕਰਾਨੰਦ ਨੇ ਗਿਆਨਾ ਦੇ ਸਿਹਤ ਮੰਤਰੀ ਨੂੰ ਦੱਸਿਆ ਕਿ ਭਾਰਤ ਵਿਚ ਹਸਪਤਾਲਾਂ ਬਾਰੇ ਪ੍ਰਬੰਧਕੀ ਨਿਗਮ ਸਥਾਪਿਤ ਕੀਤੀ ਗਈ ਹੈ ਜਿਹੜੀ ਦੂਜੇ ਦੇਸ਼ਾਂ ਦੇ ਪ੍ਰਾਜੇਕਟਾਂ ਦੇ ਕੰਮ ਹੱਥ ਵਿਚ ਲੈ ਸਕਦੀ ਹੈ।

## 14 ਲੱਖ ਦੀ ਹੈਰੋਇਨ ਫੜੀ

ਭਿਖੀਵਿੰਡ—ਪਾਕਿਸਤਾਨ ਦੇ ਸਾਹਿਰ ਡੇਰਾ ਗਾਜੀ ਖਾਨ ਨੇੜੇ ਪਾਕਿ ਕਸਟਮ ਵਿਭਾਗ ਨੇ ਇਕ ਕਾਰ ਵਿਚੋਂ 14 ਕਿਲੋ ਹੈਰੋਇਨ ਜਿਸਦੀ ਕੀਮਤ 14 ਲਖ ਦੇ ਕਰੀਬ ਹੈ ਫੜੀ ਹੈ ਤੇ ਇਸਤੋਂ ਇਲਾਵਾ ਦੋ ਕਵਿੰਟਲ 20 ਕਿਲੋ ਅਫੀਮ ਵੀ ਫੜੀ ਹੈ ਜੋ ਕਿ ਬਾਹਰਲੇ ਦੇਸ਼ਾਂ ਨੂੰ ਸਮਗਲਿਗ ਹੋਣ ਵਾਸਤੇ ਜਾ ਰਹੀ ਸੀ। ਇਸ ਸਬੰਧੀ ਕਸਟਮ ਵਾਲਿਆਂ ਨੇ ਕਾਰ ਤੇ ਉਸ ਵਿਚ ਸਵਾਰ ਤਿੰਨ ਸਮਗਲਰ ਜੋ ਕਿ ਪਾਕਿ ਦੇ ਵੱਡੇ ਗੈਂਗ ਨਾਲ ਸਬੰਧਤ ਹਨ, ਨੂੰ ਹਿਰਾਸਤ ਵਿਚ ਲੈ ਲਿਆ ਹੈ।


GREATEST EVER STORE-WIDE

**10th ANNIVERSARY SALE**

AT

THE HOUSE OF FASHIONS

FROM SATURDAY MARCH 30th, 1983 to SUNDAY APRIL 17th, 1983

**ELITE TAILORS**

**4219 Main Street(at 26th Ave.) Vancouver, B.C.**

**PHONE. 872-2276**

VISA

MasterCard

**MEN'S VELVET, IMITATION SUEDE OR WOOLLEN SPORT JACKETS**
(SIZES'S 34-48)
Reg. $109 to $159
SPECIAL ................$79

**WOOLEN OR POOLY WOOL PANTS**
Reg. $39.95 to $49.95
SPECIAL .............$27.95

**MEN'S 3PCS SUITS**
Reg. $149 to $179
SPECIAL .................$79

**MEN'S POLY-WOOL SPORT JACKET**
Reg. $49 to $69
SPECIAL .................$19.95

**MEN'S RUGBY PANTS**
EXTRA SPECIAL .............$14.95
BOYS SIZES ................$12.95

**MEN'S JEAN OR CORD PANTS**
EXTRA SPECIAL ..............$14.95

**MEN'S SHIRTS**
Reg. $21 to $27
EXTRA SPECIAL ............$6.95

**MEN'S SHOES 30% OFF**

PIERRE CARDIN, JOHAN FORSYTH, ARROW, LANCER AND TOWNLINE
SHIRTS 30% Off

*IN OUR LADIES WEAR DEPARTMENT ....*

**MEN'S PANTS**
(SIZES 26-44)
Reg. $29.95 to $35.00
SPECIAL .............$18.95

**LADIES VELVET JACKET**
Reg. $89
CLEARENCE PRICE ..........$54.95

**LADIES PLOY-WOOL OR WOOLLEN PANTS**
Reg. $29.95 to $39.95
CLEARENCE PRICE .........$16.95

All clothing in the Store all on Sale

NO CHARGE FOR ALTERATIONS WHEN YOU BUY FROM US. SATISFACTION GUARANTEED

STORE HOURS: MON. TO SAT. 9.00 to 6.00
FRIDAY 9.00 to 8.30
OPEN SUNDAY 11.00 to 5.00

# ਸੋਨਾ ਚਾਂਦੀ ਸਿਧਾ ਪੰਜਾਬੀਆਂ ਤੋਂ ਖਰੀਦੋ

**ਪੰਜਾਬੀ ਭੈਣੋ ਤੇ ਭਰਾਵੋ ਇਹ ਜਾਣਕੇ ਖੁਸ਼ੀ ਹੋਵੇਗੀ ਕਿ ਵਿਸਾਖੀ ਦੇ ਤਿਉਹਾਰ ਤੇ ਮਿਸਟਰ ਵਿਸ਼ਵਾਨਾਥ ਜੀ ਪਾਨ ਬਰੋਕਰ ਨਾਲ ਆ ਗਏ ਹਨ ਜਿੰਨਾਂ ਦੇ 25 ਸਾਲਾਂ ਦੇ ਸੋਨੇ ਚਾਂਦੀ ਤੇ ਹੀਰੇ ਦੇ ਤਜਰਬੇ ਤੋਂ ਫਾਇਦਾ ਉਠਾਓ**



ਮਿਸਟਰ ਵਿਸ਼ਵਾ ਨਾਥ ਸੋਨੀ




ਸੋਨਾ ਚਾਂਦੀ ਬੈਂਕ ਦੇ ਭਾਅ ਤੇ ਖਰੀਦੋ ਖਰੀਦਣ ਤੋਂ ਪਹਿਲਾਂ ਫਰੀ ਸਲਾਹ ਮਸ਼ਵਰਾ ਸਾਥੋਂ ਲਵੋ, ਜਿਸ ਨਾਲ ਬਹੁਤ ਸਾਰੀ ਬਚਤ ਹੋ ਸਕਦੀ ਹੈ।



22 ਕੈਰਟ ਸੋਨੇ ਦੇ ਕੜੇ ਤੇ ਮੁੰਦੀਆਂ ਅਮਰੀਕਣ ਸਟਾਈਲ ਦੀਆਂ ਸਾਥੋਂ ਖਰੀਦੋ

10, 14, 18 ਕੈਰਟ ਦੇ ਸੋਨੇ ਦੀਆਂ ਚੇਨਾਂ ਵਿਆਹ ਸ਼ਾਦੀ ਲਈ ਹੀਰੇ ਦੀਆਂ ਅਗੂੰਠੀਆਂ ਬਹੁਤ ਚੰਗੇ ਭਾਅ ਤੇ



ਭਾਰਤ ਜਾਣ ਤੋਂ ਪਹਿਲਾਂ ਆਪਣੇ ਤਜਰਬੇਕਾਰ ਅਪਰੇਜਲ ਮਿਸਟਰ ਵਿਸ਼ਵਾਨਾਥ ਕੋਲੋਂ ਕਰਵਾ ਕੇ ਲਜਾਉ ਤਾਂ ਕਿ ਆਉਂਦਿਆਂ ਜਾਂਦਿਆਂ ਕਸਟਮ ਵਿਚ ਰੁਕਾਵਟ ਨਾ ਹੋਵੇ

ਸੁੱਚੇ ਮੋਤੀ, ਹੀਰਾ, ਲਾਲ ਪੰਨਾ, ਮੋਹਰਾਂ. ਨੀਲਮ ਤੇ ਹੋਰ ਬਹੁਤ ਸਾਰੇ ਸੁੱਚੇ ਨਗ ਸਾਡੇ ਕੋਲੋਂ ਖਰੀਦੋ ਤੇ ਆਪਣੇ ਮਨ ਪਸੰਦ ਦੇ ਗਹਿਣੇ ਬਣਾਉ

**ਅਸੀਂ ਹੋਲ ਸੇਲ ਵੀ ਕਰਦੇ ਹਾਂ ਦੁਕਾਨਦਾਰ ਭਰਾ ਪਹੁੰਚ ਕਰਨ**

## LONDON LOAN & PAWNBROKERS LTD.

# SHALIMAR GIFTS LTD.




**7 W. HASTINGS, VANCOUVER**

**B.C. V6B 1G4**

MAIL ORDER WELCOME

**685-7050**

# "ਇੰਦਰਾ ਗਾਂਧੀ ਮੇਰੀ ਭੈਣ ਹੈ"

## - ਯਾਸਰ ਅਰਾਫਤ

ਨਵੀਂ ਦਿੱਲੀ—ਪੀ. ਐਲ. ਓ. ਦੇ ਆਗੂ ਯਾਸਰ ਅਰਾਫਤ ਨੇ ਇਥੇ ਕਿਹਾ ਕਿ "ਭਾਰਤ ਵਿਚ ਮੇਰੀ ਇਕ ਭੈਣ ਹੈ ਪਰ ਅਹੁਦੇ ਅਨੁਸਾਰ ਮੈਨੂੰ ਉਹਨਾਂ ਨੂੰ ਮੈਡਮ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਕਹਿ ਕੇ ਸਦਣਾ ਪਏਗਾ।"

ਪੀ. ਐਲ. ਓ. ਦੇ ਆਗੂ ਨੇ ਅਜਿਹਾ ਉਸ ਵੇਲੇ ਕਿਹਾ ਜਦੋਂ ਉਹ ਇਥੇ ਸਪਰੀਮ ਕੋਰਟ ਦੇ ਅਹਾਤੇ ਵਿਚ ਵਕੀਲਾਂ ਨੂੰ ਸੰਬੋਧਨ ਕਰ ਰਹੇ ਸਨ।

ਸ੍ਰੀ ਅਰਾਫਤ ਜੋ ਬਗੈਰ ਕਿਸੇ ਪ੍ਰੋਗਰਾਮ ਦੇ ਅਦਾਲਤ ਦੇਖਣ ਗਏ, ਭਾਰਤ ਦੇ ਚੀਫ ਜਸਟਿਸ ਸ੍ਰੀ ਵਾਈ. ਵੀ. ਚੰਦਰਾਚੂੜ ਦੀ ਅਦਾਲਤ ਵਿਚ ਵੀ ਥੋਹੜੇ ਚਿਰ ਲਈ ਗਏ। "ਨਮਸਤੇ" ਕਹਿਣ ਲਈ ਉਹਨਾਂ ਨੇ ਆਪਣੇ ਦੋਨੋਂ ਹੱਥ ਜੋੜੇ ਹੋਏ ਸਨ।

ਅਦਾਲਤ ਨੇ ਕੰਮ ਕਾਜ ਨੂੰ ਰੋਕਦੇ ਹੋਏ ਚੀਫ ਜਸਟਿਸ ਨੇ ਪੀ. ਐਲ. ਓ. ਦੇ ਆਗੂ ਦਾ ਸੁਆਗਤ ਕੀਤਾ। ਸ੍ਰੀ ਅਰਾਫਤ ਚੀਫ ਜਸਟਿਸ ਦੇ ਅਦਾਲਤੀ ਕਮਰੇ ਵਿਚ ਲਗਪਗ 5 ਮਿੰਟ ਰਹੇ।

ਵਕੀਲ ਨੂੰ ਸੰਬੋਧਨ ਕਰਦਿਆਂ ਸ੍ਰੀ ਅਰਾਫਤ ਨੇ ਕਿਹਾ ਕਿ ਭਾਰਤ ਇਨਸਾਫ ਦਾ ਰਾਖਾ ਹੈ ਤੇ ਇਸ ਦੀ ਹਮਾਇਤ ਨਾਲ ਫਲਸਤੀਨੀ ਜਦੋਜਹਿਦ ਆਪਣੀ ਜਿਤ ਹਾਸਲ ਕਰੇਗੀ।

# ਨਕਲ ਲਈ ਕੈਦ ਮਿਲੇਗੀ

ਬੰਬਈ—ਬੰਬਈ ਯੂਨੀਵਰਸਿਟੀ ਨੇ ਪ੍ਰੀਖਿਆਵਾਂ ਵਿਚ ਨਕਲ ਘਟਾਉਣ ਲਈ ਇਕ ਵਿਸਥਾਰਤ ਯੋਜਨਾ ਤਿਆਰ ਕੀਤੀ ਹੈ। ਯੂਨੀਵਰਸਿਟੀ ਨੇ ਪਿਛਲੀਆਂ ਪ੍ਰੀਖਿਆਵਾਂ ਵਿਚ ਨਕਲ ਮਾਰਦੇ ਫੜੇ ਗਏ ਵਿਦਿਆਰਥੀਆਂ ਦੇ ਕੇਸਾਂ ਦੇ ਫੈਸਲੇ ਕਰਨ ਵਿਚ ਤੇਜੀ ਲਿਆਂਦੀ ਹੈ ਅਤੇ ਕੇਂਦਰੀ ਈਵੈਲਯੂਏਸ਼ਨ ਦੀ ਸਕੀਮ ਤਿਆਰ ਕੀਤੀ ਹੈ।

ਬੰਬਈ ਯੂਨੀਵਰਸਿਟੀ ਨੇ ਹੁਣ ਨਕਲ ਮਾਰਨ ਵਾਲੇ ਵਿਦਿਆਰਥੀ ਨੂੰ ਪੰਜ ਸਾਲ ਤਕ ਕੱਢੇ ਜਾਣ ਦਾ ਅਧਿਕਾਰ ਪ੍ਰਾਪਤ ਕਰ ਲਿਆ ਹੈ ਅਤੇ ਇਸਦੇ ਨਾਲ ਹੀ ਨਕਲ ਮਾਰਨ ਵਾਲੇ ਨੂੰ 6 ਮਹੀਨੇ ਦੀ ਕੈਦ ਅਤੇ 500 ਰੁਪਏ ਤਕ ਜੁਰਮਾਨਾ ਕਰਨ ਦਾ ਪਰਬੰਧ ਵੀ ਕੀਤਾ ਹੈ।

ਪ੍ਰੀਖਿਆ ਤੋਂ ਪਹਿਲਾਂ ਜੇ ਪੈਣ ਵਾਲਾ ਪਰਚਾ ਕਿਸੇ ਪਾਸੋਂ ਫੜਿਆ ਜਾਂਦਾ ਹੈ ਤਾਂ ਉਸਨੂੰ ਇਕ ਸਾਲ ਦੀ ਕੈਦ ਅਤੇ 1000 ਰੁਪਏ ਤਕ ਜੁਰਮਾਨਾ ਕਰਨ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਸਬੰਧ ਵਿਚ ਬੰਬਈ ਦੇ ਰਾਜਪਾਲ ਨੇ ਯੂਨੀਵਰਸਿਟੀ ਦੇ ਚਾਂਸਲਰ ਹੋਣ ਦੀ ਹੈਸੀਅਤ ਵਿਚ ਇਕ ਆਰਡੀਨੈਂਸ ਜਾਰੀ ਕੀਤਾ ਹੈ।

# ਮਾਲਕਾਂ ਨੇ ਬੱਸਾਂ ਘੇਰ ਕੇ ਸਵਾਰੀਆਂ ਨੂੰ ਭਜਾ ਦਿਤਾ

## ਪਬਲਿਕ ਰੋਡ ਵੇਜ਼ ਕੰਪਨੀ ਦੇ ਮਾਲਕ ਹੋਛੇ ਹਥਿਆਰਾਂ ਤੇ

ਹੁਸ਼ਿਆਰਪੁਰ—ਉਸ ਵੇਲੇ ਪਬਲਿਕ ਰੋਡਵੇਜ਼ ਮੁਲਾਜ਼ਮਾਂ ਵਿਚ ਹੈਰਾਨੀ ਪੈਦਾ ਹੋ ਗਈ ਜਦੋਂ ਪਬਲਿਕ ਰੋਡਵੇਜ ਦੀ ਮੈਨੇਜਮੈਂਟ ਤੇ ਮਾਲਕਾਂ ਨੇ ਸ੍ਰੀ ਝਿਕਾ ਦੀ ਅਗਵਾਈ ਵਿਚ ਆਪਣੇ ਗੁੰਡਿਆਂ ਸਮੇਤ ਹਥਿਆਰਾਂ ਦੀ ਨੋਕ ਨਾਲ ਦੋ ਬੱਸਾਂ ਜਲੰਧਰ ਪੈਟਰੋਲ ਪੰਪ ਨਜ਼ਦੀਕ ਘੇਰ ਲਈਆਂ। ਤੇ ਸੁਆਰੀਆਂ ਨੂੰ ਉਥੋਂ ਚਲੇ ਜਾਣ ਦੀ ਚਿਤਾਵਨੀ ਦਿਤੀ। ਬੱਸ ਡਰਾਈਵਰ ਨੂੰ ਉਤਾਰ ਦਿਤਾ ਤੇ ਬੱਸਾਂ ਭਜਾ ਕੇ ਲੈ ਗਏ ਤੇ ਟਾਇਰ ਲਾ ਦਿਤੇ ਅਤੇ ਕੰਨਡਕਟਰਾਂ ਤੋਂ ਕੈਸ਼ ਤੇ ਟਿਕਟਾਂ ਖੋਹ ਲਈਆਂ।

ਤੀਸਰੀ ਬੱਸ ਨੂੰ ਉਹਨਾਂ ਫਿਲੌਰ ਨਜ਼ਦੀਕ ਇਸ ਤਰਾਂ ਘੇਰ ਕੇ ਕਬਜ਼ਾ ਕੀਤਾ। ਮੁਲਾਜ਼ਮਾਂ ਨੇ ਰੋਸ ਵਜੋਂ ਬਾਕੀ ਰਹਿੰਦੀਆਂ ਬੱਸਾਂ ਰੋਕ ਲਈਆਂ। ਵਾਪਰੀ ਘਟਨਾ ਬਾਰੇ ਯੂਨੀਅਨ ਦੇ ਆਗੂ ਸਾ: ਬਲਵਿੰਦਰ ਸਿੰਘ ਪ੍ਰਧਾਨ ਤੇ ਸ੍ਰੀ ਆਤਮਾ ਸਿੰਘ ਜਨਰਲ ਸਕੱਤਰ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੁਲਾਜ਼ਮ ਕਾਫੀ ਦੇਰ ਤੋਂ ਮੰਗ ਕਰ ਰਹੇ ਸਨ ਕਿ ਕੱਚੇ ਮੁਲਾਜ਼ਮ ਪੱਕੇ ਕਰੋ ਅਤੇ ਸੋਧੇ ਗਰੇਡ ਦਿਉ, ਪ੍ਰਾਈਵੇਟ ਫੰਡ ਦੇ ਹਿਸਾਬ ਤੇ ਮੁਲਾਜ਼ਮਾਂ ਨੂੰ ਰਸੀਦਾਂ ਰਾਹੀਂ ਜਾਣੂ ਕਰਾਉ, ਪਰ ਮੈਨੇਜਮੈਂਟ ਨੇ ਵਿਸ਼ਵਾਸ਼ ਦੁਆਉਣ ਦੇ ਬਾਵਜੂਦ ਮੁਲਾਜ਼ਮ ਨੌਕਰੀਆਂ ਤੋਂ ਕੱਢ ਦਿਤੇ। ਸਿੱਟੇ ਵਜੋਂ ਮੁਲਾਜ਼ਮਾਂ ਵਰਕ-ਟੂ-ਰੂਲ ਕਰਦਿਆਂ ਬਿਨਾਂ ਪਰਮਿਟ ਤੇ ਬਿਨਾਂ ਟੈਕਸ ਅਦਾ ਕੀਤਿਆਂ ਬਰਾਤਾਂ ਢੋਣ ਤੋਂ ਇਨਕਾਰ ਕਰ ਦਿਤਾ ਜਿਸ ਕਾਰਨ ਮੈਨੇਜਮੈਂਟ ਹੋਛੇ ਹਥਿਆਰਾਂ ਤੇ ਉਤਰ ਆਈ।

# ਸੰਤ ਲੌਂਗੋਵਾਲ ਨੇ ਲੋਕਾਂ ਨੂੰ ਸ਼ਾਤ ਰਹਿਣ ਲਈ ਕਿਹਾ

ਅੰਮ੍ਰਿਤਸਰ—ਸੰਤ ਹਰਚੰਦ ਸਿੰਘ ਲੌਂਗੋਵਾਲ ਪ੍ਰਧਾਨ ਅਕਾਲੀ ਦਲ ਨੇ ਪੰਜਾਬ ਵਿਚ ਵਧ ਰਹੇ ਪੁਲੀਸ ਜਬਰ ਅਤੇ ਨਿਰਦੋਸ਼ ਲੋਕਾਂ ਦੇ ਹੋ ਰਹੇ ਕਤਲਾਂ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਸੰਤ ਜੀ ਨੇ ਕਿਹਾ ਕਿ ਸਰਕਾਰ ਸਿੱਖ ਦੁਸ਼ਮਣੀ ਅਧੀਨ ਪਿਛਲੇ ਲੰਮੇ ਸਮੇਂ ਤੋਂ ਅੰਮ੍ਰਿਤ ਧਾਰੀ ਸਿੰਘਾਂ ਨੂੰ ਝੂਠੇ ਮੁਕਾਬਲਿਆਂ ਵਿਚ ਕਤਲ ਕਰ ਰਹੀ ਹੈ। ਉਹਨਾਂ ਨੇ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਸ਼ਾਂਤ ਰਹਿਣ।


**ਡਿਕਸ਼ਨਰੀਆਂ, ਯੰਤਰੀਆਂ, ਸੋਵੀਅਤ ਪੁਸਤਕਾਂ, ਬੱਚਿਆਂ ਲਈ ਤਸਵੀਰਾਂ ਵਾਲੀਆਂ ਪੰਜਾਬੀ ਵਿਚ ਕਿਤਾਬਾਂ ਖਰੀਦਣ ਲਈ ਪਹੁੰਚੋ**

**ਏਸ਼ੀਆ ਬੁੱਕ ਕੰਪਨੀ ਵੈਨਕੂਵਰ**

**ਫੋਨ : 324-6111**

**ਮਹਨ ਸਿੰਘ ਜੋਸ਼, ਗੁਰਚਰਨ ਸਿੰਘ ਸਹਿੰਸਰਾ ਤੇ ਕੇਸਰ ਸਿੰਘ ਨਾਵਲਿਸਟ ਦੀਆਂ ਗ਼ਦਰੀਆਂ ਬਾਰੇ ਪੁਸਤਕਾਂ ਏਸ਼ੀਆ ਬੁੱਕ ਕੰਪਨੀ ਵੈਨਕੂਵਰ ਤੋਂ ਖਰੀਦੋ**


# ਪੰਜਾਬੀ ਫਿਲਮੀ ਮੇਲੇ ਤੋਂ ਫਿਲਮ ਸਾਜ਼ਾਂ ਨੂੰ ਆਸ ਘੱਟ

ਜਲੰਧਰ—ਪੰਜਾਬੀ ਫਿਲਮ ਖੇਤਰਾਂ ਵਿਚ ਇਹ ਪਰਚਾ ਬਹੁਤ ਜ਼ੋਰਾਂ ਤੇ ਹੈ ਕਿ 3 ਅਪ੍ਰੈਲ ਨੂੰ ਚੰਡੀਗੜ੍ਹ ਵਿਚ ਹੋਣ ਵਾਲੇ ਪੰਜਾਬੀ ਫਿਲਮੀ ਮੇਲੇ ਵਿਚ ਪੰਜਾਬ ਸਰਕਾਰ ਵਲੋਂ ਐਲਾਨੀ ਜਾਣ ਵਾਲੀ ਨੀਤੀ ਵਿਚ ਕੋਈ ਨਵੀਂ ਅਤੇ ਠੋਸ ਗੱਲ ਨਹੀਂ ਕੀਤੀ ਜਾਵੇਗੀ। ਕਿਹਾ ਜਾਂਦਾ ਹੈ ਕਿ ਸਰਕਾਰ ਵਲੋਂ 50 ਫੀ ਸਦੀ ਟੈਕਸ ਤਾਂ ਸਿਰਫ ਫਿਲਮੀ ਦੇ ਪੰਜਾਬੀ ਹੋਣ ਕਾਰਨ ਹੀ ਮੁਆਫ ਕਰ ਦਿਤਾ ਜਾਏਗਾ ਅਤੇ ਇਸ ਤੋਂ ਵੱਧ ਟੈਕਸ ਮੁਆਫ ਕਰਵਾਉਣ ਲਈ ਨਿਰਮਾਤਵਾਂ ਨੂੰ ਆਪਣੀ ਫਿਲਮ ਅਧਿਕਾਰੀਆਂ ਨੂੰ ਦਿਖਾਉਣੀ ਪਵੇਗੀ ਅਤੇ ਸਾਬਤ ਕਰਨਾ ਪਏਗਾ ਕਿ ਉਹਨਾਂ ਦੀ ਫਿਲਮ ਵਿਚ ਕੁਝ ਖਾਸ ਗੱਲ ਹੈ ਪੰਜਾਬੀ ਫਿਲਮ ਸਾਜ਼ਾਂ ਵਿਚ ਇਸ ਪੱਖੋਂ ਵੀ ਨਿਰਾਸ਼ਾ ਪਾਈ ਜਾ ਰਹੀ ਹੈ ਕਿ ਜੇ ਸਾਰੀਆਂ ਪੰਜਾਬੀ ਫਿਲਮਾਂ ਨੂੰ ਬਰਾਬਰ ਦੀ ਟੈਕਸ ਛੋਟ ਦੇ ਦਿਤੀ ਗਈ ਤਾਂ ਇਸ ਦਾ ਫਾਇਦਾ ਉਹ ਲੋਕ ਵੀ ਉਠਾ ਲੈਣਗੇ ਜੋ ਕਿ ਅਸ਼ਲੀਲ ਜਾਂ ਦੋਹਰੇ ਅਰਥਾਂ ਵਾਲੀਆਂ ਫਿਲਮਾਂ ਬਣਾਉਂਦੇ ਹਨ। ਚੰਗੀਆਂ ਉਚ ਪੱਧਰ ਦੀਆਂ ਫਿਲਮਾਂ ਬਣਾਉਣ ਵਾਲਿਆਂ ਦਾ ਕਹਿਣਾ ਹੈ ਕਿ ਜੇ ਇਹ ਨੀਤੀ ਲਾਗੂ ਹੋ ਗਈ ਤਾਂ ਘੋੜਾ ਅਤੇ ਗਧਾ ਇਕੋ ਹੀ ਕਿਲੇ ਨਾਲ ਬੰਨਣ ਵਾਲੀ ਗੱਲ ਹੋ ਜਾਵੇਗੀ।

# ਅਮਰੀਕਾ ਭਾਰਤ ਦੇ ਕਰਜ਼ਾ ਲੈਣ ਤੋਂ ਵੀ ਦੁਖੀ

ਵਾਸ਼ਿੰਗਟਨ—ਅਮਰੀਕਾ ਦੇ ਖਜ਼ਾਨਾ ਮੰਤਰੀ ਡੋਨੈਲਡ ਰੀਗਨ ਨੇ ਸੈਨਟ ਦੀ ਅਪਰੋਪਰੀਏਸ਼ਨ ਸਬ ਕਮੇਟੀ ਨੂੰ ਦਸਿਆ ਕਿ ਅਮਰੀਕਾ ਏਸ਼ੀਅਨ ਡੀਵੈਲਪਮੈਂਟ ਬੈਂਕ ਵਲੋਂ ਭਾਰਤ ਨੂੰ ਕਰਜਾ ਦਿਤੇ ਜਾਣ ਦਾ ਵਿਰੋਧ ਕਰ ਰਿਹਾ ਹੈ।

ਸਬ-ਕਮੇਟੀ ਦੇ ਸੈਨੇਟਰ ਕਾਂਸਟਨ ਨੇ ਉਹਨਾਂ ਨੂੰ ਯਕੀਨ ਦਿਵਾਇਆ ਕਿ ਪ੍ਰਸਾਸ਼ਨ ਵਲੋਂ ਲਏ ਗਏ ਇਸ ਫੈਸਲੇ ਦੀ ਕਾਂਗਰਸ ਨਾ ਸਿਰਫ ਹਮਾਇਤ ਹੀ ਕਰੇਗੀ ਬਲਕਿ ਪ੍ਰਸਾਸ਼ਨ ਤੇ ਦਬਾਅ ਵੀ ਪਾਏਗੀ ਕਿ ਉਹ ਆਪਣੇ ਸਟੈਂਡ ਤੇ ਸਥਿਰ ਰਹੇ।

ਖਜ਼ਾਨਾ ਮੰਤਰੀ ਨੂੰ ਇਸ ਗੱਲ ਦਾ ਖਦਸ਼ਾ ਹੈ ਕਿ ਕਾਂਗਰਸ ਵਿਚ ਅਮਰੀਕਾ ਵਲੋਂ ਅਪਨਾਈ ਨੀਤੀ ਦਾ ਕਾਫੀ ਵਿਰੋਧ ਹੋਵੇਗਾ। ਕਿਉਂਕਿ ਆਈ. ਡੀ. ਏ. ਨੂੰ ਫੰਡ ਦੇਣ ਸਬੰਧੀ ਇਕ ਮੈਂਬਰ ਨੇ ਟਿੱਪਣੀ ਕੀਤੀ ਸੀ ਕਿ ਅਮਰੀਕਾ ਆਈ. ਡੀ. ਏ. ਦੀਆਂ ਯੋਜਨਾਵਾਂ ਨੂੰ ਫੰਡਾਂ ਵਿਚ ਕਟੌਤੀ ਕਰਕੇ ਤਬਾਹੀ ਦੇ ਕੰਡੇ ਨਹੀਂ ਲੈ ਜਾਵੇਗਾ। ਇਹਨਾ ਹਾਲਤਾਂ ਵਿਜ ਸੰਸਾਰ ਬੈਂਕ ਦੇ ਪ੍ਰਧਾਨ ਕਲਾਜਨ ਦੇ ਆਸਾਂ ਭਰੇ ਬਿਆਨ ਕਿ "ਸਾਨੂੰ ਵਿਸ਼ਵਾਸ਼ ਹੈ ਕਿ ਇਸ ਵਾਰ ਅਮਰੀਕਾ ਆਈ. ਡੀ. ਏ. ਵਿਚ ਫੰਡ ਦੇਣ ਲੱਗਿਆ ਕੋਈ ਦੇਰੀ ਨਹੀਂ ਕਰੇਗਾ ਹਨੇਰੇ ਵਿਚ ਸੀਟੀਆਂ ਮਾਰਨ ਦਾ ਪੁਰਾਣਾ ਹੀ ਕੇਸ ਲਗਦਾ ਹੈ।

ਏ. ਡੀ. ਬੀ. ਦੇ ਚੀਨ ਨੂੰ ਮੈਂਬਰ ਬਣਾਏ ਜਾਣ ਦੀਆਂ ਸੰਭਾਵਨਾਵਾਂ ਬਾਰੇ ਵੀ ਅਮਰੀਕੀ ਕੁਝ ਹੋਰ ਤਰਾਂ ਸੋਚਦੇ ਹਨ। ਚੀਨ ਨੇ ਭਾਵੇਂ ਅਜੇ ਇਸਦੀ ਮੈਂਬਰਸ਼ਿਪ ਲਈ ਮੁਢਲੇ ਤੌਰ ਤੇ ਦਰਖਾਸਤ ਨਹੀਂ ਦਿਤੀ ਕਿਉਂਕਿ ਜੇ ਚੀਨ ਨੂੰ ਇਸਦਾ ਮੈਂਬਰ ਬਣਾਇਆ ਜਾਂਦਾ ਹੈ ਤਾਂ ਤਾਇਵਾਨ ਨੂੰ ਇਸਦੀ ਮੈਂਬਰੀ ਛਡਣੀ ਪੈਂਦੀ ਹੈ ਪਰ ਇਸ ਬਾਰੇ ਅਮਰੀਕੀ ਖਜ਼ਾਨਾ ਮੰਤਰੀ ਦਾ ਵਿਚਾਰ ਹੈ ਕਿ ਰੀਗਨ ਪ੍ਰਸਾਸ਼ਨ ਇਸਦਾ ਹਮਾਇਤੀ ਨਹੀਂ। ਇਸਦੇ ਉਲਟ ਅਮਰੀਕਾ ਅਜਿਹ ਸਥਿਤੀ ਪੈਦਾ ਕਰਨ ਲਈ ਸੰਸਾਰ ਬੈਂਕ ਦੇ ਅਧਿਕਾਰੀਆਂ ਤੇ ਦਬਾਅ ਪਾਏਗੀ ਕਿ ਤਾਇਵਾਨ ਦੀ ਮੈਂਬਰੀ ਖੋਏ ਬਿਨਾਂ ਚੀਨ ਨੂੰ ਇਸਦਾ ਮੈਂਬਰ ਬਣਾ ਲਿਆ ਜਾਵੇ।

ਭਾਰਤ ਜਦੋਂ ਤੋਂ ਆਈ. ਡੀ. ਬੀ. ਦਾ ਮੈਂਬਰ ਬਣਿਆ ਹੈ ਇਸ ਨੇ ਪਿਛਲੇ ਸਾਲ ਪਹਿਲੀ ਵਾਰ ਬੈਂਕ ਤੋਂ 2 ਅਰਬ ਡਾਲਰ ਦਾ ਕਰਜ਼ਾ ਅਗਲੇ ਪੰਜ ਸਾਲ ਲਈ ਲੈਣ ਦੀ ਇਛਾ ਪਰਗਟ ਕੀਤੀ ਸੀ। ਅਮਰੀਕਾ ਭਾਰਤ ਵਲੋਂ ਇਸ ਸੰਸਥਾ ਪਾਸੋਂ ਕਰਜ਼ਾ ਲਏ ਜਾਣ ਦਾ ਵਿਰੋਧ ਇਸ ਲਈ ਕਰ ਰਿਹਾ ਹੈ ਕਿ ਭਾਰਤ ਦੀ ਏਡੀ ਵੱਡੀ ਰਕਮ ਨਾਲ ਦੂਜੇ ਕਰਜ਼ਦਾਰਾਂ ਦਿਆਂ ਕਰਜ਼ਿਆਂ ਤੇ ਅਸਰ ਪਏਗਾ। ਅਤੇ ਨਾਲੇ ਅਮਰੀਕਾ ਦਾ ਵਿਚਾਰ ਹੈ ਕਿ ਭਾਰਤ ਹੁਣ ਏਨੀ ਸਮਰਥਾ ਰਖਦਾ ਹੈ ਕਿ ਉਹ ਹੁਣ ਵਪਾਰਕ ਸੋਮਿਆਂ ਤੋਂ ਕਰਜ਼ੇ ਹਾਸਲ ਕਰ ਸਕਦਾ ਹੈ। ਅਮਰੀਕਾ ਦਾ ਅਨੁਮਾਨ ਹੈ ਕਿ ਭਾਰਤੀ ਕਰਜ਼ੇ ਨਾਲ ਏ. ਡੀ. ਬੀ. ਦੇ 25 ਫੀਸਦੀ ਸੋਮੇ ਖਪਤ ਹੋ ਜਾਣਗੇ।

ਉਸਦਾ ਕਹਿਣਾ ਸੀ ਕਿ ਜੇ ਚੀਨ ਵੀ ਇਸ ਦਾ ਮੈਂਬਰ ਬਣ ਗਿਆ ਤਾਂ ਉਹ ਵੀ ਇਸ ਪਾਸੋਂ ਏਡੀਆਂ ਮੋਟੀਆਂ ਰਕਮਾਂ ਦੀ ਮੰਗ ਕਰੇਗਾ ਤੇ ਇਹਨਾ ਹਾਲਤਾਂ ਵਿਚ ਪਾਕਿਸਤਾਨ ਬੰਗਲਾ ਦੇਸ਼ ਅਤੇ ਸ੍ਰੀ ਲੰਕਾ ਵਰਗੇ ਛੋਟੇ ਦੇਸ਼ਾਂ ਦਾ ਕੀ ਬਣੇਗਾ ਜਿਹਨਾਂ ਨੂੰ ਅਜਿਹੇ ਕਰਜਿਆਂ ਦੀ 'ਅਸਲ' ਜ਼ਰੂਰਤ ਹੈ।

# ਚਿੱਠੀ 'ਤੇ ਟਿਕਟ ਦੀ ਥਾਂ ਮੰਤਰੀ ਦੀ ਫ਼ੋਟੋ !

ਇੰਦੌਰ—ਇਥੋਂ ਦੇ ਇਕ ਵਿਅਕਤੀ ਨੇ ਪਰੈਸ ਨੂੰ ਇਕ ਅਜਿਹੀ ਚਿੱਠੀ ਰੀਲੀਜ਼ ਕੀਤੀ ਹੈ ਕਿ ਜਿਸ ਉਪਰ ਉਚਿਤ ਡਾਕ ਟਿਕਟ ਲੱਗੇ ਹੋਣ ਦੀ ਬਜਾਏ ਮਧ ਪ੍ਰਦੇਸ਼ ਦੇ ਮੁਖ ਮੰਤਰੀ ਦੀ ਤਸਵੀਰ ਲੱਗੀ ਹੋਈ ਹੈ।

ਮਜ਼ੇ ਦੀ ਗੱਲ ਹੈ ਕਿ ਡਾਕ ਵਿਭਾਗ ਨੇ ਆਪਣੀ ਮੋਹਰ ਲਗਾਕੇ ਇਸ ਨੂੰ ਤੁਰੰਤ ਨਿਸਚਤ ਸਥਾਨ ਉਪਰ ਪਹੁੰਚਾ ਦਿਤਾ। ਡਾਕ ਵਿਭਾਗ ਵਲੋਂ ਮੁਖ ਮੰਤਰੀ ਦੀ ਤਸਵੀਰ ਉਪਰ 16 ਫਰਵਰੀ, 1983 ਦੀ ਮੋਹਰ ਲਗੀ ਹੋਈ ਹੈ।

# ਲੁਧਿਆਣੇ ਸ਼ਹਿਰ 'ਚ ਪੋਸਟਮੈਨ ਦਿਨ ਦਿਹਾੜੇ ਲੁਟਿਆ ਗਿਆ

ਲੁਧਿਆਣਾ—ਏਥੇ ਚੌਕੀ ਡਵੀਜ਼ਨ ਨੰਬਰ 3 ਵਿਚ ਮਨੀਆਰਡਰ ਵੰਡ ਰਹੇ ਇਕ ਪੋਸਟਮੈਨ ਨੂੰ ਕੁਝ ਧਾੜਵੀਆਂ ਨੇ ਘੇਰ ਲਿਆ ਤੇ ਉਸ ਕੋਲੋਂ 3 ਹਜ਼ਾਰ ਰੁਪਏ ਖੋਹ ਕੇ ਭਜ ਗਏ।

ਜਦੋਂ ਧਾੜਵੀਂ ਪੋਸਟਮੈਨ ਤੋਂ ਰੁਪਏ ਖੋਹ ਰਹੇ ਸਨ ਤਾਂ ਉਸ ਨੇ ਬਹੁਤ ਰੌਲਾ ਪਾਇਆ ਪਰ ਕਿਸੇ ਨੂੰ ਧਾੜਵੀਆਂ ਦੇ ਨੇੜੇ ਜਾਣ ਦਾ ਹੀਆ ਨਾ ਪਿਆ ਪੁਲਸ ਨੇ ਜੇਬ ਤਰਾਸ਼ੀ ਦਾ ਕੇਸ ਦਰਜ ਕਰਕੇ ਦੋਸ਼ੀਆ ਦੀ ਭਾਲ ਸ਼ੁਰੂ ਕਰ ਦਿਤੀ ਹੈ।

---

ਨਵੀਂ ਦਿੱਲੀ — ਭਾਰਤ ਦੇ ਬਿਹਾਰ ਪ੍ਰਾਂਤ ਵਿਚ ਵਰਤਮਾਨ ਮਹਿੰਗਾਈ ਦੇ ਦੌਰ ਵਿਚ ਵੀ ਖੇਤ ਮਜ਼ਦੂਰਾਂ ਨੂੰ ਦਿਹਾੜੀ ਦਾ ਇਕ ਆਨਾ ਯਾਨੀ ਕਿ 5 ਨਵੇਂ ਪੈਸੇ ਮਿਲਦੇ ਹਨ।

(ਪੰਨਾ 10 ਦੀ ਬਾਕੀ)

ਵੋਟਾਂ ਵਾਲੇ ਦਿਨ ਤਕ ਮੈਂਬਰਾਂ ਵਿਚ ਘੁਸਰ ਮੁਸਰ ਹੁੰਦੀ ਰਹੀ ਕਿ ਕਿਸ ਦਾ ਨਾਮ ਪ੍ਰਧਾਨ ਤੇ ਕਿਸਦਾ ਨਾਮ ਸਕੱਤਰ ਆਦਿ ਲਈ ਲਿਖਣਾ ਹੈ। ਮੈਂਬਰ ਆਪੋ ਆਪਣੀ ਪਸੰਦ ਆਪਣੇ ਮਨਾਂ ਵਿਚ ਬਿਠਾਈ ਬੈਠੇ ਸਨ। ਵੋਟਾਂ ਸੱਤ ਵਜੇ ਪੈਣੀਆਂ ਸਨ। ਕੋਈ ਇਕ ਕੁ ਵਜੇ ਦੇ ਲਗਪਗ ਕੁਝ ਮੈਂਬਰਾਂ ਵਲੋਂ ਉਮੀਦਵਾਰਾਂ ਦੀ ਇਕ ਲਿਸਟ ਮੈਂਬਰਾਂ ਵਿਚ ਵੰਡੀ ਗਈ ਅਤੇ ਹਰ ਇਕ ਮੈਂਬਰ ਨੂੰ ਕਿਹਾ ਕਿ ਪੰਜਾਬੀ ਮਾਰਕਿਟ ਵਿਚੋਂ ਸਾਲ 1983 ਦੀ ਕਮੇਟੀ ਲਈ ਇਹ ਹੀ ਯੋਗ ਉਮੀਦਵਾਰ ਹਨ। ਸਭ ਮੈਂਬਰ ਹੈਰਾਨ ਸਨ ਕਿ ਅਹੁਦੇਦਾਰ ਤਾਂ ਮੈਂਬਰਾਂ ਨੇ ਚੁਨਣੇ ਸਨ ਨਾ ਕਿ ਇਨਾਂ ਦੋ ਚਾਰ ਬੰਦਿਆਂ ਨੇ ਸਲੇਟ ਤਿਆਰ ਕਰਨੀ ਸੀ। ਥੋੜੇ ਹੀ ਸਮੇਂ ਅੰਦਰ ਪੰਜਾਬੀ ਮਾਰਕਿਟ ਵਿਚ 'ਕਿੱਸਾ ਕੁਰਸੀ ਦਾ' ਦੀ ਖਬਰ ਫੈਲ ਗਈ ਸੀ। ਜਿਹੜੇ ਬਹੁ ਸੰਮਤੀ ਮੈਂਬਰਾਂ ਨੂੰ ਪਹਿਲੀ ਸਲੇਟ ਬਣਾਉਣ ਲਈ ਨਹੀਂ ਪੁਛਿਆ ਗਿਆ ਸੀ ਉਨ੍ਹਾਂ ਵਿਚ ਹੋਰ ਸਲੇਟ ਤਿਆਰ ਕਰ ਦਿਤੀ ਗਈ ਜਿਸ ਵਿਚ ਪ੍ਰਧਾਨਗੀ ਲਈ ਮੇਰਾ ਨਾਮ ਦੇ ਦਿਤਾ ਗਿਆ। ਗੁਪਤ ਵੋਟ ਹਮੇਸ਼ਾਂ ਉਸ ਉਮੀਦਵਾਰ ਨੂੰ ਮਿਲਦੀ ਹੈ ਜਿਸ ਨੇ ਮੈਂਬਰਾਂ ਦੇ ਦਿਲਾਂ ਵਿਚ ਆਪਣੀ ਕਹਿਣੀ ਤੇ ਕਰਨੀ ਦਾ ਵਿਸ਼ਵਾਸ਼ ਭਰਿਆ ਹੋਇਆ ਹੋਵੇ। ਵੋਟਾਂ ਦੀ ਨਤੀਜਾ ਇਹ ਹੋਇਆ ਕਿ ਮੇਰੇ ਹਮਦਰਦੀਆਂ ਵਲੋਂ ਤਿਆਰ ਕੀਤੀ ਹੋਈ ਸਾਰੀ ਦੀ ਸਾਰੀ ਸਲੇਟ ਜਿੱਤ ਗਈ।

### ਪੰਜਾਬੀ ਮਾਰਕਿਟ ਦਾ ਸਥਾਨ

ਇਹ ਵੈਨਕੂਵਰ ਦੀ ਪੰਜਾਬੀ ਮਾਰਕਿਟ ਦਿਨ ਦੂਗਣੀ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ। ਇਕ ਹੀ ਦਹਾਕੇ ਵਿਚ ਇਸ ਮਾਰਕਿਟ ਨੇ ਜੋ ਤਰੱਕੀ ਕੀਤੀ ਹੈ ਉਸਦੀ ਕਿਤੇ ਮਿਸਾਲ ਨਹੀਂ ਮਿਲਦੀ। (ਪੰਜਾਬੀ ਮਾਰਕਿਟ ਦੀ ਹੋਂਦ ਤੇ ਇਸਦੀ ਪ੍ਰਫੁਲਤਾ ਬਾਰੇ ਜਾਣਕਾਰੀ ਲਈ ਦੇਖੋ 'ਇੰਡੋ-ਕਨੇਡੀਅਨ ਟਾਮਈਮਜ਼'-ਅੰਕ 15-ਮਿਤੀ 17 ਜੁਲਾਈ, 1981) ਜਾਂ ਅੰਗਰੇਜ਼ੀ ਅਖਬਾਰ 'ਲਿੰਕ'-ਅੰਕ 17 ਮਿਤੀ ਪਹਿਲੀ ਸਤੰਬਰ 1981) ਕੈਨੇਡਾ ਦੇ ਇਤਿਹਾਸ ਵਿਚ 1982 ਦਾ ਸਾਲ ਵਿਉਪਾਰਕ ਧੰਦਿਆਂ ਲਈ ਬਹੁਤ ਘਟੀਆ ਸਾਲ ਸੀ। ਹਜ਼ਾਰਾਂ ਹੀ ਛੋਟੇ ਛੋਟੇ ਵਿਉਪਾਰ ਬੰਦ ਹੋ ਗਏ ਸਨ। ਪਰ ਪੰਜਾਬੀ ਮਾਰਕਿਟ ਵਿਚ ਕਾਫੀ ਵਾਧਾ ਹੋਇਆ। ਜਿਵੇਂ ਕਿ ਕੂਨਰ ਗਰੋਸਰੀ, ਮੋਤੀ ਮਹਿਲ ਰੈਸਟੋਰੈਂਟ, ਸ਼ਾਂਤੀ ਜਿਊਲਰ, ਹਰੀ ਓਮ ਜਿਊਲਰ, ਪਟੇਲ ਡਰਾਫਟਿੰਗ, ਪਰਬੀਨ ਅਕਾਊਂਟ ਸਰਵਿਸ, ਇੰਡੀਆ ਫੈਸ਼ਨ ਸੈਂਟਰ. 3 ਐਮ ਜਿਊਲਰ, ਲੌਇਲ ਫਰਨੀਚਰ ਦੀ ਬਰਾਂਚ, ਸ਼ਿੰਗਾਰ ਇੰਪੋਰੀਅਮ, ਮਾਨ ਮਿਊਜ਼ਕ, ਫਲਾਇੰਗ ਫੈਸ਼ਨਜ਼, ਏਸ਼ੀਆ ਬੁੱਕ ਸ਼ਾਪ, ਇੰਡੀਆ ਪੈਲਸ ਰੈਸਟੋਰੈਂਟ, ਪਾਬਲਾ ਕਲਾਥ ਹਾਊਸ ਅਤੇ ਆਲ ਇੰਡੀਆ ਫੂਡ ਅਤੇ ਭਿੰਡੀ ਫੀਜੀ ਜਿਊਲਰ ਆਦਿ ਨਾਮ ਦੇ ਸਭ ਸਟੋਰ 1982 ਵਿਚ ਹੀ ਪੰਜਾਬੀ ਮਾਰਕਿਟ ਅੰਦਰ ਪਰਵੇਸ਼ ਹੋਏ ਅਤੇ ਪੰਜਾਬੀ ਇੰਡੀਆ ਮਾਰਕਿਟ ਐਸੋਸੀਏਸ਼ਨ ਦੇ ਮੈਂਬਰ ਬਣੇ। ਸੋ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਮਾਰਕਿਟ ਅੱਜ ਦੇ ਮੰਦੇ ਵਿਚ ਵੀ ਵਿਉਪਾਰੀਆਂ ਨੂੰ ਆਪਣੇ ਵੱਲ ਖਿਚ ਰਹੀ ਹੈ।

ਇਥੇ ਹੀ ਬੱਸ ਨਹੀਂ ਇਸ ਨੇ ਵੈਨਕੂਵਰ ਦੇ ਕਈ ਲਿਖਾਰੀਆਂ ਅਤੇ ਟੀ. ਵੀ. ਵਾਲਿਆਂ ਦਾ ਧਿਆਨ ਆਪਣੇ ਵੱਲ ਖਿਚਿਆ ਹੈ। ਅਕਤੂਬਰ ਦੇ ਆਖਰ ਵਿਚ ਇਕ ਲਿਖਾਰਨ ਐਬ ਪੇਟਰੀ ਨੇ ਵੈਨਕੂਵਰ ਦੇ ਆਵਾਸੀਆਂ ਬਾਰੇ ਇਕ ਕਿਤਾਬ ਲਿਖੀ ਸੀ। ਜਿਸ ਵਿਚ ਉਸ ਨੇ ਆਵਾਸੀਆਂ ਦੇ ਰਹਿਣ ਸਹਿਣ, ਖਾਣ ਪੀਣ ਤੇ ਵਿਉਪਾਰਕ ਕੇਂਦਰਾਂ ਦਾ ਜ਼ਿਕਰ ਕੀਤਾ ਹੈ। ਉਸ ਨੇ ਜਪਾਨ ਟਾਊਨ, ਚਾਈਨਾ ਟਾਊਨ, ਇਟਲੀ ਟਾਊਨ, ਗਰੀਕ ਸ਼ਾਪਿੰਗ ਸੈਂਟਰ ਅਤੇ ਪੰਜਾਬੀ ਮਾਰਕਿਟ ਦਾ ਆਪਣੀ ਕਿਤਾਬ ਵਿਚ ਵਿਸਥਾਰ ਦਿਤਾ ਹੈ। ਇਸ ਕਿਤਾਬ ਦੇ ਵਿਸ਼ੇ ਨੂੰ ਲੈ ਕੇ ਸੀ. ਬੀ. ਸੀ. ਵਾਲਿਆਂ ਨੇ ਹਰ ਏਰੀਏ ਤੇ ਇਕ ਇਕ ਫਿਲਮ ਬਣਾਈ ਸੀ, ਜੋ ਫਿਲਮ ਪੰਜਾਬੀ ਮਾਰਕਿਟ ਦੇ ਸਬੰਧ ਵਿਚ ਬਣਾਈ ਗਈ ਸੀ। ਉਹ ਸੀ. ਬੀ. ਸੀ. ਦੇ ਚੈਨਲ ਤਿੰਨ ਤੋਂ 23 ਦਸੰਬਰ ਨੂੰ ਦਿਖਾਈ ਗਈ ਸੀ। ਸਾਨੂੰ ਸਾਰਿਆਂ ਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਅੱਜ ਇਸ ਪੰਜਾਬੀ ਮਾਰਕਿਟ ਦੀ ਹਰ ਪਾਸੇ ਚਰਚਾ ਹੈ ਅਤੇ ਸਾਡਾ ਨਾਮ ਹੋਰ ਵਿਉਪਾਰੀ ਆਵਾਸੀਆਂ ਦੇ ਕੇਂਦਰਾਂ ਦੀ ਤਰਾਂ ਸਾਹਮਣੇ ਆ ਰਿਹਾ ਹੈ।

### ਅਪੀਲ

ਇੰਡੀਆ ਵਿਚ ਬਰੇਲੀ ਅਤੇ ਲਖਨਊ ਦੀ ਪੰਜਾਬੀ ਮਾਰਕਿਟ ਨੂੰ ਛੱਡ ਕੇ ਇਹ ਪਰਦੇਸਾਂ ਵਿਚ ਪਹਿਲਾ ਵਿਉਪਾਰਕ ਹੈ, ਜਿਸ ਨੂੰ ਪੰਜਾਬੀ ਮਾਰਕਿਟ ਦਾ ਨਾਮ ਦਿਤਾ ਗਿਆ ਹੈ। ਇਹ ਖੇਤਰ ਅਤੇ ਉਮਰ ਵਿਚ ਅਜੇ ਬਹੁਤ ਛੋਟੀ ਮਾਰਕਿਟ ਹੈ। ਅਜੇ ਇਸ ਵਿਚ ਕਈ ਘਾਟਾਂ ਵੀ ਹਨ। ਮੈਨੂੰ ਇਕ ਗੱਲ ਯਾਦ ਆ ਜਾਂਦੀ ਹੈ ਕਿ ਜਦ 1957 ਵਿਚ ਰੂਸੀ ਨੇਤਾ ਬੁਲਗਾਨ ਤੇ ਖਰੁਸ਼ਚੋਵ ਦਿੱਲੀ ਵਿਚ ਇਕ ਸਭਿਆਚਾਰਕ ਪ੍ਰੋਗਰਾਮ ਦੇਖ ਰਹੇ ਸਨ ਤਾਂ ਭੰਗੜੇ ਦੇ ਇਕ ਪੰਜਾਬੀ ਕਲਾਕਾਰ ਨੇ ਕਿਹਾ ਕਿ "ਵਹੁਟੀ ਛੋਟੇ ਕੱਦ ਦੀ, ਮੈਂ ਖਿਚ ਕੇ ਬਰੋਬਰ ਕੀਤੀ", ਜਦ ਇਸਦਾ ਉਲਥਾ ਰੂਸੀਆਂ ਦੇ ਇਕ ਉਸ ਡੈਲੀਗੇਟ ਦੇ ਕੰਨੀਂ ਪਿਆ ਜਿਸ ਦੀ ਵਹੁਟੀ ਕੱਦ ਵਿਚ ਛੋਟੀ ਸੀ ਤਾਂ ਉਸ ਨੇ ਉਲਥਾਕਾਰ ਤੋਂ ਵਿਆਖਿਆ ਮੰਗੀ ਤਾਂ ਕਿਵੇਂ ਸੂਝਵਾਨ ਤੇ ਹੁਸ਼ਿਆਰ ਉਲਥਾਕਾਰ ਨੇ ਕਿਹਾ ਕਿ ਇਕ ਚੰਗੇ ਪੜ੍ਹੇ ਲਿਖੇ ਆਦਮੀ ਦੀ ਵਹੁਟੀ ਅਨਪੜ੍ਹ ਸੀ। ਉਸ ਨੂੰ ਚੰਗੀ ਤਰਾਂ ਬੋਲਣਾ ਚਲਣਾ, ਪਹਿਨਣਾ ਅਤੇ ਤੁਰਨਾ ਫਿਰਨਾ ਨਹੀਂ ਸੀ ਆਉਂਦਾ। ਪਰ ਉਸ ਪੜ੍ਹੇ ਲਿਖੇ ਨੌਜਵਾਨ ਨੇ ਆਪਣੀ ਸਾਥਣ ਨੂੰ ਹੌਲੀ ਹੌਲੀ ਸਭ ਸਿਖਾ ਕੇ ਆਪਣੇ ਬਰਾਬਰ ਦੀ ਬਣਾ ਲਿਆ ਸੀ। ਸੋ ਅਜੇ ਤਰੁਟੀਆਂ ਇਸ ਮਾਰਕਿਟ ਵਿਚ ਜੋ ਹਨ ਇਨ੍ਹਾਂ ਨੂੰ ਇਸ ਦੇ ਸਭ ਵਿਉਪਾਰੀਆਂ ਅਤੇ ਗਾਹਕਾਂ ਨੇ ਰਲ ਮਿਲਕੇ ਦੂਰ ਕਰਨਾ ਹੈ। ਵਿਉਪਾਰੀਆਂ ਪ੍ਰਤੀ ਬੇਨਤੀ ਹੈ ਕਿ ਅੱਜ ਦਾ ਯੁਗ ਇਸ਼ਤਿਹਾਰਬਾਜੀ ਦਾ ਯੁੱਗ ਹੈ। ਜਦ ਕਦੇ ਵੀ ਆਪਣੇ ਸਟੋਰ ਦੀ ਐਡਵਰਟਾਈਜ਼ਮੈਂਟ ਕਰੋ ਤਾਂ ਜ਼ਰੂਰ ਦੱਸੋ ਕਿ ਤੁਹਾਡਾ ਸਟੋਰ ਪੰਜਾਬੀ ਮਾਰਕਿਟ ਵਿਚ ਹੈ। ਇਕ ਇਕ ਦੋ ਗਿਆਰਾਂ, ਜਦ ਹਰ ਕੋਈ ਪੰਜਾਬੀ ਮਾਰਕਿਟ ਦਾ ਨਾਮ ਲਏਗਾ ਤਾਂ ਸੁਨਣ ਵਾਲਿਆਂ ਲਈ ਪੰਜਾਬੀ ਮਾਰਕਿਟ ਨਾਮ ਹਰਮਨ ਪਿਆਰਾ ਹੋ ਜਾਏਗਾ। ਲਿਖਾਰੀ ਵੀਰਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਲਿਖਤਾਂ ਰਾਹੀਂ ਪੰਜਾਬੀ ਮਾਰਕਿਟ ਨੂੰ ਪਰਚਾਰਨ ਦੀ ਕੋਸ਼ਿਸ਼ ਕਰਨ। ਮੈਂ ਉਨ੍ਹਾਂ ਅਖਬਾਰਾਂ ਦੇ ਸੰਪਾਦਕਾਂ ਦਾ ਰਿਣੀ ਹਾਂ, ਜੋ ਆਪਣੇ ਪਰਚਿਆਂ ਵਿਚ ਇਸ ਮਾਰਕਿਟ ਬਾਰੇ ਲਿਖੇ ਲੇਖਾਂ ਲਈ ਥਾਂ ਦਿੰਦੇ ਹਨ। ਅਗਰ ਕੋਈ ਭੈਣ ਜਾਂ ਵੀਰ ਸੁਝਾਅਦ ਦੇਣਾ ਚਾਹੇ ਤਾਂ ਉਹ ਪੰਜਾਬੀ ਮਾਰਕਿਟ ਦੇ ਪ੍ਰਬੰਧਕਾਂ ਨਾਲ ਸੰਪਰਕ ਪੈਦਾ ਕਰ ਸਕਦਾ ਹੈ। ਅਸੀਂ ਸਭ ਨੇ ਪਰਦੇਸ ਵਿਚ ਇਸ ਮਾਰਕਿਟ ਦਾ ਨਾਮ ਉਚਾ ਕਰਨਾ ਹੈ। ਅਸੀਂ ਇਸ ਦੀ ਉਹ ਦਿਖ ਬਣਾਉਣੀ ਹੈ ਇਸ ਵਿਚ ਉਹ ਗੁਣ ਪੈਦਾ ਕਰਨੇ ਹਨ ਅਤੇ ਇਹ ਦਾ ਇਿ ਜਿਹਾ ਵਾਤਾਵਰਣ ਕਾਇਮ ਕਰਨਾ ਹੈ, ਜਿਸ ਸਦਕਾ ਪੰਜਾਬੀ ਮਾਰਕਿਟ ਕੈਨੇਡਾ ਦੇ ਇਤਿਹਾਸ ਦੀ ਲੜੀ ਦਾ ਇਕ ਮੋਤੀ ਬਣ ਜਾਏ।

# ਨਰਸਿਜ਼ ਐਸੋਸੀਏਸ਼ਨ ਸੂਬਾਈ ਹੜਤਾਲ ਕਰੇਗੀ

ਜਲੰਧਰ — ਪੰਜਾਬ ਗੌਰਮਿੰਟ ਨਰਸਿਜ਼ ਐਸੋਸੀਏਸ਼ਨ ਨੇ ਚਿਤਾਵਨੀ ਦਿਤੀ ਹੈ ਕਿ ਜੇਕਰ ਉਹਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ 15 ਦਿਨਾਂ ਵਿਚ ਲਾਗੂ ਨਾ ਕੀਤੀਆਂ ਗਈਆਂ ਤਾਂ ਐਸੋਸੀਏਸ਼ਨ 7 ਤੇ 8 ਅਪਰੈਲ ਨੂੰ ਸੂਬਾ ਪੱਧਰ ਦੀ ਦੋ ਦਿਨਾਂ ਹੜਤਾਲ ਕਰੇਗੀ। ਉਹਨਾ ਦੀਆਂ ਮੰਗਾਂ ਵਿਚ ਤਨਖਾਹ ਸਕੇਲਾਂ ਵਿਚ ਸੋਧ ਕਰਨਾ ਵੀ ਸ਼ਾਮਲ ਹੈ।

# ਚੋਣਾਂ ਆ ਰਹੀਆਂ ਨੇ ! ਖਬਰਦਾਰ ਹੋ ਜਾਉ !!

ਬੀ. ਸੀ. ਦੀਆਂ ਚੋਣਾਂ ਕਦੇ ਭੀ ਹੋ ਸਕਦੀਆਂ ਹਨ। ਅਗਲੇ ਕੁਝ ਮਹੀਨਿਆਂ ਵਿਚ। ਕੈਨੇਡਾ ਦੀ ਆਰਥਿਕ ਹਾਲਤ ਅੱਜ ਕੱਲ੍ਹ ਇਤਨੀ ਚੰਗੀ ਨਹੀਂ ਜਿੰਨੀ ਅੱਜ ਤੋਂ ਕੁਝ ਸਾਲ ਪਹਿਲਾਂ ਸੀ। ਬੀ. ਸੀ. ਦੀ ਆਰਥਿਕ ਹਾਲਤ ਭੀ ਬਹੁਤੀ ਚੰਗੀ ਨਹੀਂ। ਸਰਕਾਰਾਂ ਅੱਜ ਕੱਲ੍ਹ ਲੋਕਾਂ ਨੂੰ ਮਾੜੀ ਆਰਥਿਕਤਾ ਦੇ ਜ਼ਿੰਮੇਵਾਰ ਠਹਿਰਾ ਕੇ ਉਹਨਾਂ ਤੋਂ ਆਸ ਕਰ ਰਹੀਆਂ ਹਨ ਕਿ ਲੋਕ ਸਿਹਤ, ਵਿਦਿਆ ਅਤੇ ਹੋਰ ਵਿਭਾਗਾਂ ਵਿਚ ਕਈ ਸਰਕਾਰੀ ਸੇਵਾਵਾਂ ਦੇ ਬੰਦ ਕੀਤੇ ਜਾਣ ਪੁਰ ਭੀ ਇਤਰਾਜ਼ ਨਾ ਕਰਨ। ਸਰਕਾਰਾਂ ਨੇ ਸੱਜੇ ਪੱਖੀ ਸਿਆਸਤ ਦੇ ਦਬਾ ਹੇਠਾਂ ਆ ਕੇ ਅਧਿਆਪਕਾਂ, ਸਰਕਾਰੀ ਕਰਮਚਾਰੀਆਂ, ਅਤੇ ਮਜ਼ਦੂਰਾਂ ਨੂੰ ਕੁਰਬਾਨੀ ਦਾ ਬੱਕਰਾ ਬਣਾਉਣ ਦਾ ਫੈਸਲਾ ਕਰ ਲਿਆ ਜਾਪਦਾ ਹੈ।

ਇਹਨਾਂ ਸਰਕਾਰਾਂ ਨੂੰ ਇਹ ਮਾਲੂਮ ਨਹੀਂ ਹੋਇਆ ਲਗਦਾ ਕਿ ਹਰ ਅਧਿਆਪਕ, ਮਜ਼ਦੂਰ, ਸਰਕਾਰੀ ਕਰਮਚਾਰੀ ਅਤੇ ਨਰਸ ਦੇ ਪਿਛੇ ਪਤੀ ਜਾਂ ਪਤਨੀ-ਬੱਚੇ ਅਤੇ ਪਰਵਾਰ ਹੁੰਦੇ ਨੇ। ਤਨਖਾਹਾਂ ਕੱਟ ਕੇ ਅਤੇ ਨੌਕਰੀਆਂ ਘਟਾ ਕੇ ਪੈਸੇ ਬਚਾਉਣ ਨਾਲ ਸਮਾਜ ਦੇ ਇਹਨਾਂ ਸਾਰੇ ਅੰਗਾਂ ਉਪਰ ਸੱਟ ਵੱਜਦੀ ਅਤੇ ਅਸਰ ਪੈਂਦਾ ਹੈ। ਇਹ ਸਰਕਾਰਾਂ ਹਸਪਤਾਲਾਂ ਚੋਂ ਪੈਸਿਆਂ ਦਾ profit ਲੱਭਦੀਆਂ ਹਨ। ਸਕੂਲਾਂ ਨੂੰ ਭੀ ਇਕ ਵਿਉਪਾਰ ਸਮਝ ਕੇ ਲਾਭ ਹਾਨੀ ਦਾ ਜ਼ਿਆਦਾ ਖਿਆਲ ਰਖਦੀਆਂ ਹਨ। ਹਸਪਤਾਲਾਂ ਚੋਂ ਨਰਸਾਂ ਨੂੰ ਕੰਮ ਤੋਂ ਕੱਢਿਆ ਜਾ ਰਿਹਾ ਹੈ ; Beds ਘਟਾਏ ਜਾ ਰਹੇ ਹਨ, ਵਾਰਡਾਂ ਦੇ ਵਾਰਡ ਬੰਦ ਕੀਤੇ ਜਾ ਰਹੇ ਹਨ। ਬਹੁਤ ਸਾਰੇ ਮਰੀਜ਼ਾਂ ਨੂੰ ਹਸਪਤਾਲ ਦਾਖਲ ਹੋਣ ਲਈ ਮਹੀਨਿਆਂ ਬੱਧੀ ਇਤੰਜ਼ਾਰ ਕਰਨਾ ਪੈਂਦਾ ਹੈ। ਸਕੂਲਾਂ ਵਿਚੋਂ ਕਈਆਂ ਅਧਿਆਪਕਾਂ ਨੂੰ ਨੌਕਰੀਆਂ ਤੋਂ ਹਟਾਇਆ ਜਾ ਰਿਹਾ ਹੈ। ਇਸ ਕਾਰਨ ਥੋੜੇ ਅਧਿਆਪਕਾਂ ਪਾਸ ਬਹੁਤੇ ਵਿਦਿਆਰਥੀ ਹੋਣ ਕਰਕੇ ਉਹਨਾਂ ਵਿਦਿਆਰਥੀਆਂ ਨੂੰ ਵਿਦਿਆ ਸਬੰਧ ਵਿਚ ਪੂਰਾ ਧਿਆਨ ਨਹੀਂ ਦਿਤਾ ਜਾ ਰਿਹਾ। ਉਹ ਵਿਦਿਆਰਥੀ ਜਿਹਨਾਂ ਦੀਆਂ ਖਾਸ ਲੋੜਾਂ ਨੇ ਜਿਵੇਂ ਕਿ English language training, ਜਾਂ ਹੀਣੇ ਵਿਦਿਆਰਥੀਆਂ ਦੀ ਦੇਖ ਭਾਲ ਅਤੇ ਪੜ੍ਹਾਈ ਆਦਿ ਵਰਗੀਆਂ ਸੇਵਾਵਾਂ ਵਲ ਸਰਕਾਰ ਵਲੋਂ ਅਣਗਹਿਲੀ ਅਤੇ ਗੈਰਜ਼ਿੰਮੇਵਾਰੀ ਦਿਖਾਈ ਜਾ ਰਹੀ ਹੈ। ਅਧਿਆਪਕਾਂ ਦੀਆਂ ਤਨਖਾਹਾਂ ਘਟਾਉਣ ਅਤੇ ਕੰਮ ਦੇ ਘੰਟੇ ਵਧਾਉਣ ਦੀਆਂ ਕੋਸ਼ਿਸ਼ਾਂ ਸਰਕਾਰ ਵਲੋਂ ਜਾਰੀ ਹਨ। ਇਹ ਸਾਰੀਆਂ ਸੇਵਾਵਾਂ ਵਿਚ ਕਟੌਤੀਆਂ ਸਰਕਾਰ ਵਲੋਂ ਪੈਸੇ ਬਚਾਉਣ ਦੇ ਨਾਮ ਹੇਠਾਂ ਕੀਤੀਆਂ ਜਾ ਰਹੀਆਂ ਹਨ। ਦੂਸਰੇ ਪਾਸੇ ਸੂਬਾਈ ਸਰਕਾਰ ਨੇ ਲੱਖਾਂ ਡਾਲਰ ਸਾਂਝੇ ਟੈਕਸ ਦੇ ਖਾਤੇ ਚੋਂ ਵਰਤ ਕੇ ਮਾਉਂਟ ਵਿਸਲਰ ਦੇ ਪ੍ਰਾਈਵੇਟ investors ਨੂੰ ਮੁਸ਼ਕਲ 'ਚ ਫਸਿਆ ਹੋਇਆਂ ਨੂੰ ਕੱਢਿਆ। ਨੌਰਥ ਈਸਟ ਕੋਲ (ਕੋਲੇ ਦਾ ਪ੍ਰੋਜੈਕਟ) ਤੇ ਕਰੋੜਾਂ ਡਾਲਰ ਲੋਕਾਂ ਦੇ ਸਾਂਝੇ ਟੈਕਸਾਂ ਦੇ ਖਾਤੇ ਚੋਂ ਖਰਚ ਕੇ ਜਪਾਨੀ ਕੰਪਨੀਆਂ ਨੂੰ ਲਾਭ ਪਹੁੰਚਾਣ ਦਾ ਥਾਂ ਅਤੇ ਵਸੀਲਾ ਬਣਾਇਆ ਹੈ। ਸੂਬੇ ਦੀ ਸਰਕਾਰ ਨੇ ਇਹ ਤਹਈਆ ਕੀਤਾ ਲਗਦਾ ਹੈ ਕਿ ਸੂਬੇ ਦੇ ਕੁਦਰਤੀ ਖਣਜ ਅਤੇ ਹੋਰ ਪਦਾਰਥ ਬਾਹਰਲੇ ਮੁਲਕਾਂ ਨੂੰ ਕੋਲੋਂ ਪੈਸੇ ਉਧਰੋਂ ਜਾਪਾਨ ਨਾਲ ਕੋਲੇ ਦੀ ਬਰਾਮਦ ਵਾਰੇ ਅਗਲੇ ਹਫਤੇ ਗੱਲ ਬਾਤ ਸ਼ੁਰੂ ਹੋ ਰਹੀ ਹੈ ਅਤੇ ਇਹ ਸਾਫ ਨਜ਼ਰ ਆ ਰਿਹਾ ਹੈ ਕਿ ਬੀ. ਸੀ. ਭੀ ਦੁਨੀਆਂ ਦੇ ਬਾਕੀ ਕੋਲਾ ਬਰਾਮਦ ਕਰਨ ਵਾਲੇ ਮੁਲਕਾਂ ਵਾਂਗ ਕੋਲੇ ਦੀ ਕੀਮਤ 'ਚ ਕਟੌਤੀ ਕਰਨੀ ਪਵੇਗੀ। ਵਰਤਮਾਨ ਸਰਕਾਰ ਨੇ ਲੋਕਾਂ ਦੇ ਟੈਕਸਾਂ ਦੇ ਬੇਗਿਣਤ ਪੈਸੇ ਦੇ ਕੋਲੇ ਦੇ ਵਪਾਰ ਨੂੰ ਪਰਫੁਲਤ ਕਰਨ ਲਈ ਲਾਕੇ ਜਾਪਾਨੀ ਕੰਪਨੀਆਂ ਨੂੰ ਫਾਇਦਾ ਪਹੁੰਚਾਣ ਵਾਲਾ ਵਾਤਾਵਰਣ ਬਣਾਇਆ ਅਸੀਂ ਤਾਂ ਪਹਿਲਾਂ ਤੋਂ ਹੀ ਇਹ ਕਹਿੰਦੇ ਹਾਂ ਇਸ ਸਾਰੇ ਨੌਰਥ ਈਸਟ ਕੋਲ ਪ੍ਰੋਜੈਕਟ ਵਿਚ ਬੀ. ਸੀ. ਦੇ ਲੋਕਾਂ ਨੂੰ ਬਿਲਕੁਲ ਬਹੁਤਾ ਮੁਨਾਫਾ ਨਹੀਂ ਹੋਵੇਗਾ - ਬਹੁਤਾ ਮੁਨਾਫਾ ਜਾਪਾਨੀ ਕੰਪਨੀਆਂ ਨੂੰ ਹੋਵੇਗਾ। ਹੁਣ ਦੁਨੀਆਂ 'ਚ ਕੋਲੇ ਦੀ ਮੰਗ ਘਟਣ ਨਾਲ ਬੀ. ਸੀ. ਦੀ ਸਾਰੀ ਆਰਥਿਕਤਾ ਨੂੰ ਹੋਰ ਘਾਟਾ ਪਵੇਗਾ।

ਪਹਿਲੀ ਅਪਰੈਲ ਨੂੰ ਨਵਾਂ fiscal ਸਾਲ ਸ਼ੁਰੂ ਹੋ ਰਿਹਾ ਹੈ ਬੀ. ਸੀ. ਲਈ। ਪਰ ਸਾਰੀਆਂ ਘਟਨਾਵਾਂ ਤੋਂ ਅੰਦਾਜ਼ਾ ਲਗਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਚੋਣ ਦਾ ਐਲਾਨ ਕਦੇ ਭੀ ਹੋ ਸਕਦਾ ਹੈ ਕਿਉਂਕਿ ਸਰਕਾਰ ਇਸ ਵਕਤ ਨਵਾਂ ਬਜਟ ਪੇਸ਼ ਨਹੀਂ ਕਰਨਾ ਚਾਹੁੰਦੀ। ਨਵਾਂ ਬਜਟ ਪੇਸ਼ ਕਰਨ ਨਾਲ ਸਰਕਾਰ ਦੀਆਂ ਅਸਲੀ ਹਰਕਤਾਂ ਦਾ ਪਤਾ ਚੱਲ ਜਾਵੇਗਾ। ਲੇਕਿਨ ਅੱਜ ਦੀ ਸਰਕਾਰ ਇਸ ਹੱਦ ਤਕ ਲੋਕਾਂ ਤੋਂ ਸੱਚ ਲੁਕਾ ਰਹੀ ਹੈ ਕਿ ਅਗਲੇ ਸਾਲ ਦੇ ਬਜਟ ਅੰਦਾਜ਼ਿਆਂ 'ਚ ਸੜਕਾਂ ਆਦਿ ਮੁਰੰਮਤ ਕਰਨ ਲਈ ਦਰਜ ਰਕਮ ਨੂੰ ਅਗਲਾ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਨੌਕਰੀਆਂ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਇਕ ਨਵੇਂ ਪ੍ਰੋਗਰਾਮ ਦੇ ਤੌਰ ਪੁਰ ਪੇਸ਼ ਕਰ ਰਹੀ ਹੈ।

ਪਿਛਲੇ ਸਾਲ ਵਿਚ ਬੀ. ਸੀ. ਦੀ ਸੋਕਰਿਡ ਸਰਕਾਰ ਨੇ ਨਵੀਆਂ ਨੌਕਰੀਆਂ ਪੈਦਾ ਕਰਨ ਦੇ ਇੰਨੇ ਪ੍ਰੋਗਰਾਮ ਨਵੇਂ ਨਵੇਂ ਨਾਵਾਂ ਥੱਲੇ ਪੇਸ਼ ਕੀਤੇ ਹਨ ਕਿ ਗਿਣਨੇ ਮੁਸ਼ਕਲ ਹਨ। ਪਰ ਜੇ ਕੁਲ ਰੁਜ਼ਗਾਰ ਦੀ ਤਸਵੀਰ ਦੇਖੀਏ ਤਾਂ ਅੱਜ ਪਿਛਲੇ ਸਾਲ ਨਾਲੋਂ ਜ਼ਿਆਦਾ ਬੇਰੁਜ਼ਗਾਰ ਬੀ. ਸੀ. ਵਿਚ ਹਨ। ਇਸ ਸਰਕਾਰ ਨੇ ਇਕ ਪਾਸੇ ਤਾਂ ਤਕਰੀਬਨ 80000 ਨੌਕਰੀਆਂ ਪੈਦਾ ਕਰਨ ਦੇ ਵਾਅਦੇ ਕੀਤੇ। ਨਾਲ ਹੀ 5000 ਸਰਕਾਰੀ ਨੌਕਰੀਆਂ ਤਬਾਹ ਕੀਤੀਆਂ। ਇਹ ਉਹੀ ਸਰਕਾਰ ਹੈ ਜੋ ਬਜਟ 'ਚ ਦਿੱਤੇ ਪੈਸੇ ਭੀ ਖਰਚਦੀ ਨਹੀਂ—ਬਚਾ ਕੇ ਰਖਦੀ ਹੈ — ਅਤੇ ਦੂਸਰੇ ਪਾਸੇ ਲੋਕਾਂ ਦਾ ਰੁਜ਼ਗਾਰ ਖੁਸ ਰਿਹਾ ਹੈ। ਇਹਨਾਂ ਪਿਛਲੇ ਸਾਲ ਇਕ ਲੱਖ ਨੌਕਰੀਆਂ ਦੇ ਵਾਅਦੇ ਦੇ ਮੁਕਾਬਲੇ ਸਿਰਫ ਕੁਲ 15000 ਨੌਕਰੀਆਂ ਪੈਦਾ ਕੀਤੀਆਂ — ਜਦੋਂ ਕਿ ਆਪ ਸਿੱਧੇ ਜਾਂ ਅਸਿੱਧੇ ਤੌਰ ਤੇ ਇਸ ਤੋਂ ਵੱਧ ਲੋਕਾਂ ਨੂੰ ਬੇਰੁਜ਼ਗਾਰ ਕੀਤਾ। ਇਸ ਦੇ ਨਾਲ ਨਾਲ ਜਿਹੜੇ ਪ੍ਰੋਗਰਾਮ ਕੇਂਦਰੀ ਸਰਕਾਰ ਨੇ ਸ਼ੁਰੂ ਕੀਤੇ ਹਨ ਅਤੇ ਜਿਹਨਾਂ ਵਿਚ ਬੀ. ਸੀ. ਦੀ ਸਰਕਾਰ ਦਾ ਕੋਈ ਸਿੱਧਾ ਜਾਂ ਅਸਿੱਧਾ ਹਿਸਾ ਨਹੀਂ— ਉਹਨਾ ਦਾ ਸਿਹਰਾ ਇਹ ਸੂਬਾਈ ਸਰਕਾਰ ਖੁਦ ਆਪਣੇ ਸਿਰ ਬੰਨੀ ਜਾਂਦੀ ਹੈ।



ਉੱਜਲ ਦੁਸਾਂਝ

ਲੋਕਾਂ ਦੇ ਨਾਲ ਕੀਤੇ ਹੋਏ ਵਾਅਦੇ ਤਾਂ ਇਹਨਾਂ ਲਈ ਕੂੜੇ ਕਰਕਟ ਦੇ ਬਰਾਬਰ ਲਗਦੇ ਹਨ—ਜਦੋਂ ਜੀਅ ਕੀਤਾ ਬਾਹਰ ਵਗਾਹ ਮਾਰੇ। ਇਸ ਤਰਾਂ ਦਾ ਹੀ ਹਾਲ ਬੀ. ਸੀ. ਦੇ ਖੇਤ ਮਜ਼ਦੂਰਾਂ ਨਾਕ ਕੀਤੇ ਵਾਅਦਿਆਂ ਦਾ ਹੋਇਆ ਹੈ। ਇਹ ਗੱਲ ਤਾਂ ਕਿਸੇ ਤੋਂ ਭੁੱਲੀ ਨਹੀਂ ਕਿ ਪਿਛਲੇ ਸਾਲ pesticrdes ਦੀ ਗਲਤ ਵਰਤੋਂ ਕਾਰਨ ਇਕ ਹਿੰਦੁਸਤਾਨੀ ਖੇਤ ਮਜ਼ਦੂਰ ਦੀ ਮੌਤ ਹੋ ਗਈ ਸੀ। ਉਸਤੋਂ ਪਹਿਲਾਂ ਇਕ ਫਾਰਮ ਪੁਰ ਇਕ ਬੱਚਾ ਡੁੱਬ ਕੇ ਮਰ ਗਿਆ ਸੀ। ਅਤੇ ਉਹਨੀਂ ਦਿਨੀ ਕੈਬਿਨਾਂ ਵਿਚ ਰਹਿ ਰਹੀ ਇਕ ਭੈਣ ਖੇਤ ਮਜ਼ਦੂਰ ਦਾ ਬੱਚਾ ਪਾਣੀ ਦੀ ਬਾਲਟੀ 'ਚ ਡਿਗਣ ਨਾਲ ਮਰ ਗਿਆ ਸੀ. ਮਰ ਗਿਆ ਸੀ ? ਨਹੀਂ ! ਇਹ ਸਾਰੀਆਂ ਮੌਤਾਂ ਸ਼ਹਾਦਤਾਂ ਸਨ। ਇਹਨਾਂ ਸ਼ਹੀਦੀਆਂ ਦੇ ਵਾਤਾਵਰਣ 'ਚ ਸਰਕਾਰ ਨੇ ਐਲਾਨ ਕੀਤਾ ਸੀ ਕਿ ਖੇਤ ਮਜ਼ਦੂਰਾਂ ਨੂੰ W.C.B. ਦੇ ਹੇਠਾਂ ਅਪਰੈਲ 1, 83 ਤੋਂ ਕਵਰ ਕੀਤਾ ਜਾਵੇਗਾ ਅਤੇ ਨਾਲ ਹੀ health (ਸਿਹਤ) ਤੇ safety (ਸੁਰੱਖਿਆ) ਰੈਗੂਲੇਸ਼ਨ ਆਦਿ ਲਾਗੂ ਕੀਤੇ ਜਾਣਗੇ ਤਾਂ ਕਿ ਫਾਰਮਾਂ ਉਪਰ ਕੰਮ ਦੀਆਂ ਅਤੇ ਰਿਹਾਇਸ਼ ਦੀਆਂ ਹਾਲਤਾਂ ਸੁਧਰ ਸਕਣ। ਫਾਰਮਰਾਂ ਦੇ ਦਬਾਅ ਥੱਲੇ ਆ ਕੇ ਇਸ ਸਰਕਾਰ ਨੇ health and safety ਰੈਗੂਲੇਸ਼ਨਾਂ ਨੂੰ ਲਾਗੂ ਕਰਨ ਦਾ ਫੈਸਲਾ ਵਾਪਸ ਲੈ ਲਿਆ ਹੈ। ਇਸ ਦੀ ਜਗ੍ਹਾ ਇਕ ਨਿਪੁੰਸਕ ਜਿਹੀ ਵਿਦਿਅਕ ਏਜੰਸੀ ਕਾਇਮ ਕੀਤੀ ਜਾਵੇਗੀ। ਜਿਸ ਪਾਸ ਕਾਨੂੰਨੀ ਤਾਕਤ ਨਹੀਂ ਹੋਵੇਗੀ ਮਜ਼ਦੂਰਾਂ ਦੀ ਹਾਲਤ ਸੁਧਾਰਨ ਲਈ। ਸਿਰਫ ਫਾਰਮਰਾਂ ਨੂੰ ਵਿਦਿਆ ਦਿਤੀ ਜਾਵੇਗੀ — ਇਸ ਏਜੰਸੀ ਰਾਹੀਂ। ਪਿਛਲੇ ਕਈ ਸਾਲ ਤੋਂ ਇਹ ਵਿਦਿਆ ਕੀ ਅਜੇ ਪੂਰੀ ਹੀ ਨਹੀਂ ਹੋਈ ? ਵਿਦਿਆ ਦਾ ਵਕਤ ਹੁਣ ਲੰਘ ਚੁੱਕਾ ਹੈ - ਹੁਣ ਐਕਸ਼ਨ ਕਮੇਟੀ ਦਾ ਵਕਤ ਹੈ। ਇਹ ਗੱਲ ਤਾਂ ਬੜੀ ਸਾਫ ਦਿਸਦੀ ਹੈ ਕਿ ਜੇ ਇਹ ਖੇਤ ਮਜ਼ਦੂਰ ਬਹੁਗਿਣਤੀ ਹਿੰਦੁਸਤਾਨੀਆਂ ਦੀ ਜਗ੍ਹਾ ਚਿੱਟੇ ਹੋਣ ਤਾਂ ਵਹੀਵੀਂ ਸਦੀ ਦੇ ਅੰਤ 'ਚ ਇਨਾਂ ਕਾਨੂੰਨਾਂ 'ਚ ਤਬਦੀਲੀਆਂ ਜ਼ਰੂਰ ਆਉਣ। ਨਾਲ ਨਾਲ ਇਹ ਭੀ ਸਮਝਣਾ ਅਤੀ ਜ਼ਰੂਰੀ ਹੈ ਕਿ ਇਹ ਜਮਾਤੀ ਮਸਲਾ ਪਹਿਲਾਂ ਹੈ ਅਤੇ ਫਿਰ ਨਸਲੀ ਭਿੰਨ ਭੇਦ ਵਰਤ ਕੇ ਜਮਾਤੀ ਹਿੱਤ ਕਾਇਮ ਰੱਖੇ ਜਾ ਰਹੇ ਹਨ। ਇਸ ਮਸਲੇ 'ਚ ਸਿੱਧੀ ਹਨੇਰ-ਗਰਦੀ ਚੱਲ ਰਹੀ ਹੈ। W.C.B. ਦਾ ਚੇਅਰਮੈਨ ਭੀ ਸਰਕਾਰ ਦੇ ਵਜ਼ੀਰਾਂ ਦਾ ਕਠਪੁਤਲਾ ਬਣ ਗਿਆ ਹੈ ਅਤੇ ਸਿੱਧੇ ਤੌਰ ਤੇ ਵਜ਼ੀਰਾਂ ਦੇ ਦਬਾਅ ਹੇਠ ਆ ਕੇ ਹੈਲਥ ਅਤੇ ਸੇਫਟੀ ਰੈਗੂਲੇਸ਼ਨਾਂ ਨੂੰ ਲਾਗੂ ਕਰਨ ਦਾ ਫੈਸਲਾ ਉਲਟਾਇਆ ਗਿਆ ਹੈ।

ਗੱਲ ਕੀ—ਇਸ ਸਰਕਾਰ ਨੇ ਜਿਧਰ ਨੂੰ ਭੀ ਮੂੰਹ ਮੋੜਿਆ ਹੈ ਲੋਕਾਂ ਦੇ ਹਿੱਤ ਦਰੜੇ ਹੀ ਗਏ ਹਨ। ਟਰਾਂਜਿਟ(ਆਵਾਜਾਈ, ਬੱਸਾਂ ਆਦਿ) ਦੇ ਮਹਿਕਮੇ ਚ, ਸਰਕਾਰ ਨੇ ਉਪਰੋਂ ਹੁਕਮ ਦੇ ਕੇ ਨਵੀਆਂ ਨਵੀਆਂ ਸੰਸਥਾਵਾਂ ਕਾਇਮ ਕਰਕੇ ਸਾਰੇ ਸੀਨ ਨੂੰ ਇਨਾ ਗੁੰਧਲਾ ਦਿਤਾ ਹੈ ਕਿ ਆਮ ਆਦਮੀ ਨੂੰ ਤਾਂ ਸਮਝ ਨਹੀਂ ਆ ਸਕਦੀ ਕਿ ਕਿਹੜਾ ਮਹਿਕਮਾ ਕੀ ਕਰ ਰਿਹਾ ਹੈ।

ਦਿਆਨਦਾਰੀ ਅਤੇ ਇਖਲਾਕ ਤਾਂ ਇਹਨਾਂ ਦੇ ਸਾਨੂੰ ਇਹਨਾਂ ਦੀਆਂ ਡਰਟੀ ਟਰਿਕਸ, ਲੈਟਰਗੇਟ ਸਕੈਂਡਲ ਅਤੇ ਫਰੈਂਚ ਵਾਈਨ ਦੇ ਬਿੱਲਾਂ ਤੋਂ ਸਾਫ ਨਜ਼ਰ ਆ ਜਾਂਦੇ ਹਨ। ਇੰਨਾਂ ਕੁਝ ਹੋਣ ਦੇ ਬਾਵਜੂਦ ਭੀ ਇਹ ਖੁਦਾ ਦੇ ਬੰਦੇ ਆਪਣੀਆਂ ਨਵੀਆਂ ਨਵੀਆਂ ਐਡਾਂ ਟੀ. ਵੀ.ਤੇ ਦੇ ਕੇ ਲੋਕਾਂ ਨੂੰ ਬੁੱਧੂ ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਨੇ। ਚੋਣਾਂ ਜੋ ਆ ਰਹੀਆਂ ਨੇ। ਖਬਰਦਾਰ ਹੋ ਜਾਓ।

---

ਆਸ਼ਾ ਆਉਣ ਵਾਲੇ ਸਾਲ ਦੀ ਦਹਿਲੀਜ਼
ਤੇ ਖੜ੍ਹੀ ਮੁਸਕਰਾਉਂਦੀ ਹੈ, ਅਤੇ ਕੰਨ ਵਿੱਚ
ਹੌਲੀ ਜਿਹੀ ਕਹਿ ਜਾਂਦੀ ਹੈ ਕਿ ਇਹ ਸਾਲ
ਪਹਿਲੇ ਨਾਲੋਂ ਸੁਖ ਦਾ ਹੋਵੇਗਾ

—ਲਾਰਡ ਟੇਨੀਸਨ

# ਖੇਤ ਮਜ਼ਦੂਰ ਜਰਨੈਲ ਸਿੰਘ ਦਿਉਲ ਦੀ ਮੌਤ ਰੋਕੀ ਜਾ ਸਕਦੀ ਸੀ— ਕੌਰਨਰ ਜਿਊਰੀ

—ਸਰਵਣ ਬੋਲ

ਨਿਉਵੈਸਟਮਿਨਸਟਰ (16 ਮਾਰਚ, 1983)—ਸਰੀ ਦੇ ਖੇਤ ਮਜ਼ਦੂਰ, ਜਿਸਨੂੰ ਕਿ ਚਾਰ ਵਾਰੀ ਜ਼ਹਿਰੀਲੀਆਂ ਕੀੜੇ ਮਾਰ ਦਵਾਈਆਂ ਦੇ ਅਸਰ ਕਾਰਨ ਸਰੀ ਮੈਮੋਰੀਅਲ ਹਸਪਤਾਲ ਵਿਚ ਇਲਾਜ ਲਈ ਭੇਜਿਆ ਗਿਆ ਸੀ, ਦੀ ਮੌਤ "homicide" ਸੀ। ਅੱਜ ਇਹ ਕੌਰਨਰ ਜਿਊਰੀ (Cornor's Jury) ਨੇ ਕਿਹਾ।

ਜਰਨੈਲ ਸਿੰਘ ਦਿਉਲ ਦੀ ਮੌਤ ਬਾਰੇ ਬਿਆਨ ਵਿਚ ਜਿਊਰੀ ਨੇ ਕਿਹਾ ਕਿ "ਜੇ ਕੀੜੇ ਮਾਰ ਦਵਾਈਆਂ ਨੂੰ ਚੰਗੀ ਤਰਾਂ ਵਰਤਿਆ ਜਾਂਦਾ, ਤਾਂ ਇਸ ਹਾਦਸੇ ਨੂੰ ਰੋਕਿਆ ਜਾ ਸਕਦਾ ਸੀ।"

ਕੌਰਨਰ ਡਾਇਆਨ ਮੈਸੀਅਰ ਨੇ ਦੱਸਿਆ ਕਿ "homicide" ਦਾ ਮਤਲਬ ਹੈ "ਕਿ ਅਜਿਹੀ ਮੌਤ ਜੋ ਕਿ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਕਿਸੇ ਹੋਰ ਵਿਅਕਤੀ ਹੱਥੋਂ ਹੋਈ ਹੋਵੇ।"

ਜਰਨੈਲ ਦਿਉਲ, ਜਿਸਦੀ ਉਮਰ ਸਿਰਫ 20 ਸਾਲਾਂ ਦੀ ਸੀ, 3 ਅਕਤੂਬਰ 1982 ਵਾਲੇ ਦਿਨ ਸਰੀ ਵਿਚ ਮਾਉਂਡ ਫਾਰਮ ਵਿਚ ਬਰੋਕਲੀ ਤੋੜਦਾ ਤੋੜਦਾ ਡਿੱਗ ਪਿਆ ਸੀ। ਇਸ ਤੋਂ ਪਹਿਲਾਂ 5 ਸਤੰਬਰ ਤੋਂ ਲੈ ਕੇ 3 ਅਕਤੂਬਰ ਤੱਕ ਉਸਨੂੰ ਜ਼ਹਿਰ ਦੇ ਇਲਾਜ ਲਈ ਤਿੰਨ ਵਾਰੀ ਹਸਪਤਾਲ ਦਾਖਲ ਕਰਵਾਇਆ ਜਾ ਚੁੱਕਾ ਸੀ। 3 ਅਕਤੂਬਰ ਤੋਂ ਬਾਅਦ ਉਸਨੂੰ ਬਿਲਕੁਲ ਹੋਸ਼ ਨਹੀਂ ਆਈ ਅਤੇ 27 ਦਿਨਾਂ ਬਾਅਦ ਉਹ ਔਰਮੈਨੋ-ਫਾਸਫੇਟ ਦੇ ਜ਼ਹਿਰੀਲੇ ਅਸਰ ਕਾਰਨ ਸਰੀ ਮੈਮੋਰੀਅਲ ਹਸਪਤਾਲ ਵਿਚ ਦਮ ਛੱਡ ਗਿਆ। ਡਾਕਟਰਾਂ ਨੂੰ ਉਸਦੇ ਪੇਟ ਵਿਚ ਜ਼ਹਿਰੀਲੀ ਕੀੜੇ ਮਾਰ ਦਵਾਈ "ਮੌਨੀਟਰ" ਲੱਭੀ।

ਜਿਊਰੀ ਨੇ ਇਸ ਘਟਨਾ ਬਾਰੇ ਲਗਾਤਾਰ 8 ਦਿਨ 22 ਗੁਆਹਾਂ ਦੀਆਂ ਗੁਆਹੀਆਂ ਸੁਣੀਆਂ ਅਤੇ ਤਕਰੀਬਨ 6 ਘੰਟੇ ਵਿਚਾਰ ਕਰਨ ਬਾਅਦ 10 ਸਿਫਾਰਸ਼ਾਂ ਪੇਸ਼ ਕੀਤੀਆਂ। ਜਿਊਰੀ ਨੇ ਆਪਦੀਆਂ ਸਿਫਾਰਸ਼ਾਂ ਵਿਚ ਦੋਨੋਂ ਬੀ. ਸੀ. ਸਰਕਾਰ ਅਤੇ ਫੈਡਰਲ ਸਰਕਾਰ ਨੂੰ ਖੇਤ ਮਜ਼ਦੂਰਾਂ ਦੀਆਂ ਕੰਮ ਦੀਆਂ ਹਾਲਤਾਂ ਵਿਚ ਸੁਧਾਰ ਕਰਨ ਲਈ ਅਤੇ ਕੀੜੇ ਮਾਰ ਦਵਾਈਆਂ ਨੂੰ ਵਰਤਣ ਦੇ ਢੰਗ ਵਿਚ ਸੁਧਾਰ ਕਰਨ ਦੀ ਤਾਕੀਦ ਕੀਤੀ।

**ਜਿਊਰੀ ਨੇ ਇਹ ਭੀ ਸਿਫਾਰਸ਼ ਕੀਤੀ ਕਿ ਖੇਤ ਮਜ਼ਦੂਰਾਂ ਤੇ ਵਰਕਰਜ਼ ਕੰਪਨਸੇਸ਼ਨ ਸਿਹਤ ਅਤੇ ਸੇਫਟੀ ਨਿਯਮ ਲਾਗੂ ਹੋਣੇ ਚਾਹੀਦੇ ਹਨ।**

ਜਿਊਰੀ ਦੀਆਂ ਕੁਛ ਹੋਰ ਸਿਫਾਰਸ਼ਾਂ ਹਨ :

- ਉਹਨਾ ਖੇਤ ਮਜ਼ਦੂਰਾਂ ਲਈ ਜੋ ਕੀੜੇ ਮਾਰ ਦਵਾਈਆਂ ਦੇ ਛਿੜਕਣ ਬਾਅਦ ਖੇਤਾਂ ਵਿਚ ਜਾਂਦੇ ਹਨ ਉਹਨਾਂ ਦੀ ਬੋਲੀ ਵਿਚ ਜਾਣਕਾਰੀ ਹੋਣੀ ਚਾਹੀਦੀ ਹੈ। ਵਰਕਰਾਂ ਵਲੋਂ ਸਮਝੀ ਜਾਂਦੀ ਭਾਸ਼ਾ ਵਿਚ ਪੋਸਟਰ ਲਗਾਉਣੇ ਚਾਹੀਦੇ ਹਨ। ਜਿਹਨਾ ਤੇ ਲਿਖਿਆ ਹੋਵੇ ਕਿ ਵਰਕਰ ਕਦੋਂ ਮੁੜ ਉਹਨਾਂ ਖੇਤਾਂ ਵਿਚ ਜਾ ਸਕਦੇ ਹਨ।
- ਫਾਰਮਵਰਕਰਾਂ ਲਈ ਪੀਣ ਵਾਲੇ ਪਾਣੀ ਦਾ ਅਤੇ ਹੱਥ ਮੂੰਹ ਧੋਣ ਦਾ ਪਰਬੰਧ ਹੋਣਾ ਚਾਹੀਦਾ ਹੈ।
- ਕੀੜੇ ਮਾਰ ਦਵਾਈਆਂ ਦਾ ਛਿੜਕਾ ਸਿਰਫ ਉਹਨਾਂ ਵਿਅਕਤੀਆਂ ਵਲੋਂ ਕੀਤਾ ਜਾਵੇ ਜਿਹਨਾਂ ਕੋਲ ਅਜਿਹਾ ਕਰਨ ਦੇ ਸਰਟੀਫਿਕੇਟ ਹੋਣ। ਇਹਨਾ ਵਿਅਕਤੀਆਂ ਦਾ ਸਮੇਂ ਸਮੇਂ ਅਨੁਸਾਰ ਡਾਕਟਰੀ ਮੁਆਇਨਾ ਕੀਤਾ ਜਾਵੇ।
- ਕੀੜੇ ਮਾਰ ਦਵਾਈਆਂ ਦੇ ਖਾਲੀ ਡੱਬਿਆਂ ਨੂੰ ਸਿੱਟਣ ਲਈ ਜਗ੍ਹਾ ਮੁਕੱਰਰ ਕੀਤੀ ਜਾਵੇ।
- ਲੋਕਾਂ ਨੂੰ ਹਦਾਇਤ ਦਿਤੀ ਜਾਵੇ ਕਿ ਉਹ ਆਪਦੇ ਫਲ ਅਤੇ ਸਬਜ਼ੀਆਂ ਧੋ ਕੇ ਖਾਣ, ਖਾਸ ਕਰਕੇ ਤਾਜ਼ਾ ਫਲ ਅਤੇ ਸਬਜ਼ੀਆਂ।
- ਕੀੜੇ ਮਾਰ ਦਵਾਈਆਂ ਰਜਿਸਟਰ ਕਰਨ ਦੀ ਜ਼ਿੰਮੇਵਾਰੀ ਵਾਤਾਵਰਣ ਵਿਭਾਗ (department of environment) ਅਤੇ ਸਿਹਤ ਵਿਭਾਗ (department of health and welfare) ਨੂੰ ਦਿੱਤੀ ਜਾਵੇ।

ਸਰਕਾਰ ਨਵੀਆਂ ਕੀੜੇ ਮਾਰ ਦਵਾਈਆਂ ਨੂੰ ਟੈਸਟ ਕਰਨ ਲਈ ਇਕ ਲੈਬਾਰੋਟਰੀ ਖੋਲ੍ਹੇ।

- ਸਰਕਾਰ ਹਾਨੀਕਾਰਕ ਕੀੜਿਆਂ ਦੇ ਰੋਕ ਥਾਮ ਲਈ ਰੀਸਰਚ ਲਈ ਪੈਸੇ ਖਰਚ ਕਰੇ। ਕੀੜੇ ਮਾਰ ਦਵਾਈਆਂ ਸਿਰਫ ਉਦੋਂ ਵਰਤਣੀਆਂ ਚਾਹੀਦੀਆਂ ਹਨ ਜਦੋਂ ਕੋਈ ਹੋਰ ਉਪਾਅ ਨਾ ਲੱਭੇ।

ਕੌਰਨਰ ਦੀ ਅਦਾਲਤ ਦੇ ਬਾਹਰ ਦਿਉਲ ਪਰਵਾਰ ਦੇ ਵਕੀਲ ਕੇਲਵਿਨ ਸੈਂਡਬੌਰਨ ਨੇ ਕਿਹਾ ਕਿ ਜਰਨੈਲ ਦਿਉਲ ਦੀ ਮੌਤ ਬੀ. ਸੀ. ਸਰਕਾਰ ਦੇ ਖੇਤ ਮਜ਼ਦੂਰਾਂ ਸਬੰਧੀ ਰਵਈਏ ਕਾਰਣ ਹੋਈ ਹੈ। ਉਹਨਾਂ ਨੇ ਕਿਹਾ "ਲੇਬਰ ਮਨਿਸਟਰ ਬੌਬ ਮੈਕਲੈਲੈਂਡ ਨੂੰ ਕਾਫੀ ਜੁਆਬ ਦੇਣੇ ਪੈਣਗੇ।"

ਕਨੇਡੀਅਨ ਫਾਰਮਵਰਕਜ਼ ਯੂਨੀਅਨ ਦੇ ਪਰਧਾਨ ਰਾਜ ਚੌਹਾਨ ਨੇ ਕਿਹਾ ਕਿ ਯੂਨੀਅਨ ਜਿਊਰੀ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਲਈ ਸਰਕਾਰ ਤੇ ਜ਼ੋਰ ਪਾਵੇਗੀ।


ਵਿਸਾਖੀ ਮੁਬਾਰਕ — ਵਿਸਾਖੀ ਮੁਬਾਰਕ

ਅਸੀਂ ਵਧੀਆ ਸੇਵਾ ਦੀ ਗਰੰਟੀ ਦਿੰਦੇ ਹਾਂ

ਇਨਕਮ ਟੈਕਸ ਫਾਰਮ ਭੇਜਣ ਦਾ ਵਕਤ ਜਲਦੀ ਆ ਰਿਹਾ ਹੈ—ਤੇ ਅਸੀਂ ਤੁਹਾਡੀ ਸੇਵਾ ਲਈ ਹਰ ਵਕਤ ਹਾਜ਼ਰ ਹਾ—ਆਓ ਤੇ ਸਹੀ ਜਾਣਕਾਰੀ ਪ੍ਰਾਪਤ ਕਰੋ। ਵਧੀਆ ਸੇਵਾਵਾਂ ਤੇ ਘੱਟ ਦਰ .........ਇਹ ਹੀ ਨਹੀਂ ਅਸੀਂ ਤੁਹਾਡੇ ਹਿਸਾਬ ਕਿਤਾਬ ਕਾਰੋਬਾਰੀ ਹਿਸਾਬ, ਕੰਪਨੀ ਮਾਮਲਿਆਂ ਬਾਰੇ ਹਮੇਸ਼ਾ ਸਹੀ ਜਾਣਕਾਰੀ ਦੇਣ ਦਾ ਵਾਅਦਾ ਕਰਦੇ ਹਾਂ .....

ਟੈਲੀਫ਼ੋਨ : 321-2132

**BAINS TAX & ACCOUNTING SERVICE**

6679 MAIN ST.—2nd FLOOR(at51st. Ave)

VANCOUVER, B.C.

TELEPHONE:321-2132

WE PROVIDE

YEAR ROUND PROFESSIONAL SERVICES

ACCOUNTING,BOOKKEEPING,COMPANY FORMATION & CONSULTATION

FEE REASONABLE

# ਸੰਤ ਭਿੰਡਰਾਂ ਵਾਲੇ ਵਲੋਂ ਤਿੰਨ ਆਗੂਆਂ ਨੂੰ ਕੱਢਣ ਦੀ ਮੰਗ

ਲੁਧਿਆਣਾ—ਭਰੋਸੇ ਯੋਗ ਵਸੀਲਿਆਂ ਤੋਂ ਪਤਾ ਲਗਾ ਹੈ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਇਸ ਗੱਲ ਲਈ ਦਬਾ ਵਧਾ ਦਿਤਾ ਹੈ ਕਿ ਜਥੇਦਾਰ ਉਮਰਾਨੰਗਲ, ਰਵੀਇੰਦਰ ਸਿੰਘ ਤੇ ਬੀਬੀ ਰਾਜਿੰਦਰ ਕੌਰ ਨੂੰ ਅਕਾਲੀ ਦਲ ਵਿਚੋਂ ਕੱਢ ਦਿਤਾ ਜਾਏ। ਉਹਨਾਂ ਦਾ ਕਹਿਣਾ ਹੈ ਕਿ ਇਹਨਾਂ ਆਗੂਆਂ ਨੇ ਦਲ ਦਾ ਡਸਿਪਲਨ ਭੰਗ ਕੀਤਾ ਹੈ।

ਦਸਿਆ ਜਾਂਦਾ ਹੈ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਸੰਤ ਭਿੰਡਰਾਂਵਾਲੇ ਨੂੰ ਕਈ ਵਾਰ ਮਿਲਕੇ ਉਹਨਾਂ ਨੂੰ ਰਵਈਆਂ ਨਰਮ ਕਰਨ ਦੀ ਬੇਨਤੀ ਕੀਤੀ ਪਰ ਮੰਨੇ ਨਹੀਂ ਅਤੇ ਇਸ ਗਲ ਉਤੇ ਅੜੇ ਹੋਏ ਹਨ ਕਿ "ਜੇ ਇਹਨਾਂ ਲੀਡਰਾਂ ਨੇ ਮੈਨੂੰ ਭੰਡਣ ਦਾ ਧੰਦਾ ਹੀ ਬਣਾ ਲਿਆ ਹੈ ਤਾਂ ਇਹਨਾਂ ਨਾਲ ਲਿਹਾਜ਼ ਕਾਹਦਾ।"

ਸੰਤ ਭਿੰਡਰਾਂਵਾਲਾ ਇਸ ਤਜਵੀਜ਼ ਨੂੰ ਆਪਣੇ ਖਿਲਾਫ ਸਾਜ਼ਿਸ਼ ਸਮਝਦੇ ਹਨ ਕਿ ਉਹ ਦਿੱਲੀ ਜਾ ਕੇ ਗ੍ਰਿਫਤਾਰੀ ਦੇਣ।

### ਸੌਵੀਂ ਬਰਸੀ ਉਤੇ ਵਿਸ਼ੇਸ਼-ਸਮਾਗਮ

# ਸੰਸਾਰ ਭਰ ਵਿਚ ਮਹਾਨ ਮਾਰਕਸ ਨੂੰ ਸ਼ਰਧਾਂਜਲੀਆਂ

## ਭਾਰਤ ਸਰਕਾਰ ਵਿਸ਼ੇਸ਼ ਡਾਕ ਟਿਕਟ ਜਾਰੀ ਕਰੇਗੀ

ਵਿਗਿਆਨਕ ਸਮਾਜਵਾਦੀ ਸਿਧਾਂਤ ਦੇ ਬਾਨੀ ਮਹਾਨ ਫ਼ਿਲਾਸਫਰ ਕਾਰਲ ਮਾਰਕਸ ਦੀ ਸੌਵੀਂ ਬਰਸੀ ਉਤੇ ਸੰਸਾਰ ਭਰ ਵਿਚ ਕਮਿਊਨਿਸਟ ਫਲਾਸਫੀ ਨੂੰ ਪ੍ਰਣਾਏ ਲੋਕਾਂ ਵਲੋਂ ਵੱਡੀ ਪੱਧਰ ਉਤੇ ਸ਼ਰਧਾਂਜਲੀ ਸਮਾਗਮ ਕੀਤੇ ਗਏ। ਕਾਰਲ ਮਾਰਕਸ ਦਾ ਦੇਹਾਂਤ 14 ਮਾਰਚ 1883 ਨੂੰ ਹੋਇਆ ਸੀ

ਸਭ ਵੱਡੇ ਸ਼ਹਿਰਾਂ, ਕਸਬਿਆਂ ਅਤੇ ਸਨਅਤੀ ਖੇਤਰਾਂ ਵਿਚ ਕਾਰਲ ਮਾਰਕਸ ਦੀ ਯਾਦ ਵਿਚ ਮੀਟਿੰਗਾਂ, ਜਲਸੇ, ਸੈਮੀਨਾਰ ਅਤੇ ਗੋਸ਼ਟੀਆਂ ਕੀਤੀਆਂ ਗਈਆਂ।

ਲੋਕ ਸਭਾ ਨੇ ਵੀ ਮਹਾਨ ਮਾਰਕਸ ਨੂੰ ਸ਼ਰਧਾਂਜਲੀ ਭੇਂਟ ਕੀਤੀ। ਸਪੀਕਰ ਸ੍ਰੀ ਬਲਰਾਮ ਜਾਖੜ ਨੂੰ ਮਾਰਕਸ ਨੂੰ ਮਹਾਨ ਵਿਲਾਸਫਰ ਕਿਹਾ।

ਭਾਰਤੀ ਕਮਿਊਨਿਸਟ ਪਾਰਟੀ ਦੇ ਗਰੁਪ ਆਗੂ ਸਾਥੀ ਇੰਦਰਜੀਤ ਗੁਪਤਾ ਨੇ ਸਭਾ ਨੂੰ ਦਸਿਆ ਕਿ ਸਰਕਾਰ ਨੇ ਉਹਨਾਂ ਦਾ ਸੁਝਾਅ ਮੰਗ ਲਿਆ ਹੈ ਤੇ ਮਹਾਨ ਮਾਰਕਸ ਦੀ ਤਸਵੀਰ ਵਾਲੀ ਡਾਕ ਟਿਕਟ ਜਾਰੀ ਕੀਤੀ ਜਾ ਰਹੀ ਹੈ। ਉਹਨਾਂ ਆਸ ਜ਼ਾਹਿਰ ਕੀਤੀ ਕਿ ਸਰਕਾਰ ਪੰਜ ਨਵੰਬਰ ਤਕ (ਮਾਰਕਸ ਦਾ ਜਨਮ ਦਿਨ) ਇਸ ਨੂੰ ਜ਼ਰੂਰ ਜਾਰੀ ਕਰ ਦੇਵੇਗੀ।

# ਪੌਣੇ ਘੰਟੇ ਦੇ ਹੰਗਾਮੇ ਪਿਛੋਂ ਮਨੀ ਰਾਮ ਬਾਗੜੀ ਮੁਅਤਲ

ਨਵੀਂ ਦਿੱਲੀ—42 ਮਿੰਟ ਦੇ ਜਬਰਦਸਤ ਹੰਗਾਮੇ ਪਿਛੋਂ ਆਵਾਜ਼ ਦੀ ਵੋਟ ਨਾਲ ਮਨੀ ਰਾਮ ਬਾਗੜੀ ਨੂੰ ਲੋਕ ਸਭਾ ਚੋਂ ਇਕ ਹਫਤੇ ਲਈ ਮੁਅਤਲ ਕਰ ਦਿਤਾ ਗਿਆ।

ਹਫਤੇ ਦੀ ਛੁੱਟੀ ਪਿਛੋਂ ਜਿਉਂ ਹੀ ਸਦਨ ਜੁੜਿਆ ਸ੍ਰੀ ਬਾਗੜੀ ਨੇ 388 ਨਿਯਮ ਅਧੀਨ ਹਰਿਆਣਾ ਨੂੰ ਰਾਵੀ-ਬਿਆਸ ਪਾਣੀਆਂ ਦੀ ਸਪਲਾਈ ਨਾਲ ਸਬੰਧਤ ਕੁਝ ਮਾਮਲੇ ਉਠਾਉਣ ਲਈ ਖੜੇ ਹੋਣ ਤੇ ਲਗਾਤਾਰ ਕਰੀਬ 20 ਮਿੰਟ ਸਪੀਕਰ ਵਲ ਸਬੰਧਤ ਹੋ ਕੇ ਤਕਰੀਰ ਕਰਦੇ ਰਹੇ। ਖਿਚਾਅ ਭਰੇ ਮਾਹੌਲ ਵਿਚ ਪਾਰਲੀਮਾਨੀ ਮਾਮਲਿਆਂ ਦੇ ਮੰਤਰੀ

ਨੇ ਵਿਚੇ ਟੋਕਦਿਆਂ ਕਿਹਾ ਕਿ ਸਰਕਾਰ ਇਸ ਮਾਮਲੇ ਉਤੇ ਬਹਿਸ ਕਰਾਉਣ ਲਈ ਰਾਜ਼ੀ ਹੈ ਪਰ ਢੁਕਵੇਂ ਸਮੇਂ 'ਤੇ ਹੀ। ਸਪੀਕਰ ਨੇ ਵੀ ਯੋਗ ਨੋਟਿਸ 'ਤੇ ਵਿਚਾਰ ਕਰਨ ਦੀ ਇਛਾ ਪਰਗਟਾਈ ਪਰ ਸ੍ਰੀ ਬਾਗੜੀ ਬੋਲਣੋਂ ਨਹੀਂ ਹਟੇ। ਕਈ ਵਿਰੋਧੀ ਮੈਂਬਰਾਂ ਨੇ ਵੀ ਉਹਨਾਂ ਨੂੰ ਸ਼ਾਂਤ ਕਰਨ ਦੀ ਅਸਫਲ ਕੋਸ਼ਿਸ ਕੀਤੀ।

# ਪੱਤਰਕਾਰਾਂ ਵਲੋਂ ਅਸੰਬਲੀ ਸਮੁਖ ਵਿਖਾਵਾ

ਜਲੰਧਰ—ਪੰਜਾਬ ਸਰਕਾਰ ਵਲੋਂ ਪੰਜਾਬ ਦੇ ਲਗਪਗ ਇਕ ਸੌ ਪੱਤਰਕਾਰਾਂ ਅਤੇ ਨਾਮਾਨਿਗਾਰਾਂ ਨੂੰ ਮਿਲੀ ਮੁਫਤ ਬੱਸ ਸਫਰ ਦੀ ਸਹੂਲਤ ਵਾਪਿਸ ਲੈਣ ਅਤੇ ਉਨ੍ਹਾਂ ਦੀ ਐਕਰੀਡੀਟੇਸ਼ਨ ਰੱਦ ਕਰਨ ਵਿਰੁਧ ਅਤੇ ਪਾਲੇਕਰ ਅਵਾਰਡ ਲਾਗੂ ਕਰਵਾਉਣ ਵਿਚ ਪੰਜਾਬ ਸਰਕਾਰ ਦੀ ਅਸਫਲਤਾ ਵਿਰੁਧ ਰੋਸ ਪਰਗਟ ਕਰਨ ਲਈ ਪੰਜਾਬ ਭਰ ਦੇ ਪੱਤਰਕਾਰ 16 ਮਾਰਚ ਬੁੱਧਵਾਰ ਨੂੰ ਚੰਡੀਗੜ੍ਹ ਵਿਚ ਵਿਧਾਨ ਸਭਾ ਅੱਗੇ ਧਰਨਾ ਦਿਤਾ ਅਤੇ ਮੁਜ਼ਾਹਰਾ ਕੀਤਾ।

# ਮੰਤਰੀ ਦੇ ਪੁੱਤਰ ਵਿਰੁਧ ਦੋਸ਼ਾਂ ਦੀ ਜਾਂਚ ਹੋਵੇ

ਬਠਿੰਡਾ—ਜਸਵਿੰਦਰ ਸਿੰਘ ਬਰਾੜ ਸਾਬਕ ਸਹਿਤਕਾਰਤਾ ਮੰਤਰੀ ਪੰਜਾਬ ਨੇ ਕਿਹਾ ਕਿ ਜੈਤੋ ਵਿਚ ਇਕ ਵਜੀਰ ਦੇ ਪੁਤਰ ਤੇ ਉਸਦੇ ਸਾਥੀ ਤੋਂ ਹਜ਼ਾਰਾਂ ਬੋਰੀਆਂ ਕਣਕ ਦੀਆਂ ਫੜੀਆਂ ਗਈਆਂ ਤੇ ਫਰੀਦਕੋਟ ਦੀ ਪੁਲਸ ਅਤੇ ਪੰਜਾਬ ਦੇ ਸਿਵਲ ਸਪਲਾਈ ਉਚ ਅਧਿਕਾਰੀਆਂ ਦਾ ਚੁਪ ਰਹਿਣਾ ਇਸ ਤੋਂ ਵੱਡੀ ਕੁਰਪਸ਼ਨ ਦੀ ਮਿਸਾਲ ਕੋਈ ਨਹੀਂ ਹੈ। ਉਹਨਾਂ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਾਉਣ ਦੀ ਮੰਗ ਕੀਤੀ ਹੈ।

# ਪੱਕੇ ਆਰਜ਼ੀ ਦਿਲ ਵਾਲੇ ਬਾਰਨੀ ਦੀ ਮੌਤ

ਸਾਲਟ ਲੇਕ ਸਿਟੀ —ਦੁਨੀਆਂ ਦਾ ਪਹਿਲਾ ਮਨੁੱਖ ਬਾਰਨੀ ਕਲਾਰਕ ਜਿਸ ਨੂੰ ਪੱਕਾ ਆਰਜ਼ੀ ਦਿਲ ਦੇ ਕੇ ਜਿਉਂਦਾ ਰੱਖਿਆ ਗਿਆ ਸੀ ਬੁੱਧਵਾਰ 23 ਮਾਰਚ ਨੂੰ 112 ਦਿਨ ਜਿਉਂਕੇ ਸਵਰਗਰਵਾਸ ਹੋ ਗਿਆ।

ਬਾਰਨੀ 16 ਹਫਤੇ ਆਰਜ਼ੀ ਦਿਲ ਨਾਲ ਜਿਉਂਦਾ ਰਿਹਾ। ਇਹ ਸਰਜਰੀ 1 ਦਸੰਬਰ 1982 ਨੂੰ ਕੀਤੀ ਗਈ ਸੀ।

# ਆਸਾਮ ਵਿਚ ਕਈ ਥਾਂ ਕਰਫ਼ਿਊ ਲਾਗੂ

ਨਵੀਂ ਦਿੱਲੀ—ਆਸਾਮ ਵਿਚ ਵੱਖ ਵੱਖ ਹਿਸਿਆਂ ਵਿਚ ਹਿੰਸਾਤਮਕ ਘਟਨਾਵਾਂ ਅਜੇ ਵੀ ਜਾਰੀ ਹਨ।

ਇਕ ਪਰਵਾਰ ਦੇ ਚਾਰ ਜੀਅ ਨੌਗੋਂਗ ਜ਼ਿਲੇ ਦੇ ਇਕ ਪਿੰਡ ਸੋਗੁਬਾਹੀ ਵਿਚ ਕਤਲ ਕਰ ਦਿਤੇ ਗਏ। ਚੋਣਾਂ ਤੋਂ ਪਿਛੋਂ ਇਹ ਕਤਲੇਆਮ ਅਜੇ ਵੀ ਚਾਲੂ ਹੈ।

ਗੋਹਪੁਰ ਦੇ ਇਲਾਕੇ ਵਿਚ ਤਿੰਨ ਕਤਲ ਹੋਣ ਦੀ ਹੋਰ ਖਬਰ ਮਿਲੀ ਹੈ। ਏਸੇ ਇਲਾਕੇ ਵਿਚ ਆਦਿਵਾਸੀਆਂ ਵਲੋਂ 200 ਵਿਅਕਤੀ ਪਿਛਲੇ ਮਹੀਨੇ ਕਤਲ ਹੋਏ ਸਨ।

ਡਿਬਰੂਗੜ੍ਹ ਜ਼ਿਲੇ ਵਿਚ ਵੀ ਇਕ ਬੁੱਢੇ ਵਿਅਕਤੀ ਨੂੰ ਕਤਲ ਕਰ ਦਿਤਾ ਗਿਆ ਅਤੇ ਉਸਦੇ ਘਰ ਅੱਗ ਲਗਾ ਦਿਤੀ ਗਈ।

ਆਸਾਮ ਦੇ ਕਈ ਇਲਾਕਿਆਂ ਵਿਚ ਕਰਫ਼ਿਊ ਅਜੇ ਵੀ ਲਾਗੂ ਹੈ।

# ਕਿਉਂਕਿ ਭਰਪੂਰ ਸਿੰਘ ਸਿੱਖ ਹੈ ਇਸ ਕਰਕੇ ......

ਅੰਮ੍ਰਿਤਸਰ—ਇਥੇ ਇਕ ਬਿਆਨ ਵਿਚ ਸ੍ਰ: ਜਸਵਿੰਦਰ ਸਿੰਘ ਬਰਾੜ ਸਾਬਕ ਸਹਿਕਾਰਤਾ ਮੰਤਰੀ ਨੇ ਆਖਿਆ ਕਿ ਸਿਖਿਆ ਬੋਰਡ ਦੇ ਚੇਅਰਮੈਨ ਸ੍ਰ: ਭਰਪੂਰ ਸਿੰਘ ਕਿਉਂਕਿ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਉਘੇ ਆਗੂ ਰਹੇ ਹਨ, ਇਸ ਕਰਕੇ ਕਾਂਗਰਸੀਆਂ ਨੂੰ ਨਹੀਂ ਭਾਉਂਦੇ ਉਹਨਾਂ ਕਿਹਾ ਜੇ ਸਕੂਲ ਸਿਖਿਆ ਬੋਰਡ ਵਿਚ ਕੋਈ ਘਪਲਾ ਹੈ ਤਾਂ ਜ਼ਰੂਰ ਜਾਂਚ ਕਰਨੀ ਚਾਹੀਦੀ ਹੈ, ਪਰ ਇਕ ਗੁਰਸਿਖ ਹੋਣ ਦੇ ਨਾਤੇ ਸ੍ਰ: ਭਰਪੂਰ ਸਿੰਘ ਖਿਲਾਫ ਸਾਜ਼ਸ਼ਾਂ ਕਰਕੇ ਪੰਜਾਬ ਦੇ ਸ਼ਾਂਤੀ ਪੂਰਬਕ ਵਾਤਾਵਰਣ ਨੂੰ ਖਰਾਬ ਕਰਨ ਵਾਲੀ ਗੱਲ ਹੈ ਤੇ ਸਿੱਖਾਂ ਨਾਲ ਸਿਧਾ ਵਿਤਕਰਾ ਹੈ।

# 10 ਲੱਖ ਰਾਜਸੀ ਕਤਲ

ਲੰਡਨ—ਐਮਨੈਸਟੀ ਇੰਟਰਨੈਸ਼ਨਲ ਨੇ ਕਿਹਾ ਹੈ ਕਿ ਲਾਤੀਨੀ ਅਮਰੀਕਾ, ਅਫਰੀਕਾ ਤੇ ਏਸ਼ੀਆ ਵਿਚ ਪਿਛਲੇ 20 ਸਾਲਾਂ ਵਿਚ ਦਸ ਲੱਖ ਤੋਂ ਉਪਰ ਰਾਜਸੀ ਕਤਲ ਕੀਤੇ ਗਏ।

ਆਪਣੀ 131 ਸਫ਼ੇ ਦੀ ਰੀਪੋਰਟ ਵਿਚ ਮਨੁਖੀ ਅਧਿਕਾਰਾਂ ਦੀ ਸੰਸਥਾ ਨੇ ਦੋਸ਼ ਲਾਇਆ ਹੈ ਕਿ ਅਫਗਾਨਸਤਾਨ ਤੋਂ ਐਲ ਸੈਲਵਾਡੋਰ ਵਰਗੇ ਦੇਸ਼ਾਂ ਵਿਚ ਗੈਰ ਕਾਨੂੰਨੀ ਰਾਜਸੀ ਕਤਲ ਹੋਏ।

ਰੀਪੋਰਟ ਅਨੁਸਾਰ 5 ਲੱਖ ਵਿਅਕਤੀ ਕੇਵਲ ਇੰਡੋਨੇਸ਼ੀਆ ਵਿਚ ਕਤਲ ਕੀਤੇ ਗਏ ਅਤੇ ਤਿੰਨ ਲੱਖ ਕੰਬੋਡੀਆ ਵਿਚ।

ਗੁਆਟਮਾਲਾ ਵਿਚ 1966 ਵਿਚ ਹਜ਼ਾਰਾਂ ਕਤਲ, ਫੌਜ ਪੁਲਸ ਆਦਿ ਵਲੋਂ ਕੀਤੇ ਗਏ।

ਅਰਜਨਟਾਈਨਾ ਵਿਚ 6,000 ਤੋਂ ਉਤੇ 'ਗਾਇਬ' ਕੀਤੇ ਗਏ। ਇਨ੍ਹਾਂ ਦੇਸ਼ਾਂ ਵਿਚ ਈਰਾਨ, ਕੋਲੰਬੀਆ, ਚਾਡ, ਸੀਰੀਆ, ਦੱਖਣੀ ਕੋਰੀਆ, ਇਰਾਕ, ਬੋਲੇਵੀਆ, ਗਿਨੀ, ਅਫਗਾਨਿਸਤਾਨ, ਮੈਕਸੀਕੋ, ਈਥੋਪੀਆ, ਯੁਗੋਸਲਾਵੀਆ ਅਤੇ ਦੱਖਣੀ ਅਫਰੀਕਾ ਆਦਿ ਸ਼ਾਮਲ ਹਨ।

# ਕੌਮੀ ਹਾਕੀ 'ਚ ਪੰਜਾਬ ਦੀ ਸਰਦਾਰੀ ਬਰਕਰਾਰ

ਮੇਰਠ—61ਵੇਂ ਮਿੰਟ ਵਿਚ ਪੈਨਾਲਟੀ ਕਾਰਨਰ ਦੇ ਰੀਬਾਉਂਡ ਨੂੰ ਗੋਲ ਵਿਚ ਬਦਲਕੇ ਰਾਈਟ ਹਾਫ ਗੁਰਮੇਲ ਸਿੰਘ ਨੇ ਕੌਮੀ ਹਾਕੀ ਵਿਚ ਪੰਜਾਬ ਦੀ ਸਰਦਾਰੀ ਬਰਕਰਾਰ ਰਖੀ।

47ਵੀਂ ਕੌਮੀ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਇਸ ਫੈਸਲਾਕੁਨ ਗੋਲ ਤਕ ਬੰਬਈ ਦੀ ਰਖਿਆ ਪੰਕਤੀ ਨੇ ਪੰਜਾਬ ਦੇ ਫਾਰਵਰਡਾਂ ਨੂੰ ਬੰਨ੍ਹ ਕੇ ਰਖਿਆ ਹੋਇਆ ਸੀ। ਪੰਜਾਬ 16ਵੀਂ ਵਾਰ ਕੌਮੀ ਚੈਂਪੀਅਨ ਬਣਿਆ ਹੈ ਅਤੇ ਦੂਜੀ ਵਾਰ ਹੈ ਕਿ ਉਹ ਲਗਾਤਾਰ ਤੀਜੇ ਸਾਲ ਵੀ ਚੈਂਪੀਅਨ ਰਿਹਾ। 4 ਦਹਾਕਿਆਂ ਵਿਚ ਇਹ ਤੀਜੀ ਵਾਰ ਹੈ ਕਿ ਬੰਬਈ ਦਾ ਸੁਫਨਾ ਪੂਰਾ ਨਹੀਂ ਹੋਇਆ ਤੇ ਇਹ ਚੌਥੀ ਵਾਰ ਹੈ ਕਿ ਬੰਬਈ ਫਾਈਨਲ ਵਿਚ ਪੰਜਾਬ ਤੋਂ ਹਾਰਿਆ। ਇਸ ਤੋਂ ਪਹਿਲਾਂ ਉਹ 1971 ਵਿਚ ਬੰਗਲੌਰ ਵਿਚ ਹਾਰਿਆ ਸੀ।

ਜਿਥੇ ਪੰਜਾਬ ਦੇ ਫਾਰਵਰਡਾਂ ਨੇ ਬਹੁਤ ਹਮਲੇ ਕੀਤੇ ਉਥੇ ਬੰਬਈ ਦੇ ਫਾਰਵਰਡਾਂ ਪੰਜਾਬ ਦੇ ਗੋਲਾਂ ਵਲ ਬਹੁਤ ਘਟ ਆਏ। ਗੁਰਮੇਲ ਨੇ ਸੱਤਵੇਂ ਪੈਨਾਲਟੀ ਕਾਰਨਰ ਤੇ ਰੀਬਾਉਂਡ ਤੇ ਗੋਲ ਕੀਤਾ। ਬੰਬਈ ਨੂੰ ਕੇਵਲ ਇਕ ਪੈਨਾਲਟੀ ਕਾਰਨਰ ਮਿਲਿਆ। ਯੂ. ਪੀ. ਦੇ ਮੁਖ ਮੰਤਰੀ ਸ੍ਰੀ ਮਿਸ਼ਰਾ ਨੇ ਕਪਤਾਨ ਚਰਨਜੀਤ ਕੁਮਾਰ ਦੀ ਟੀਮ ਨੂੰ ਰੰਗਾ ਸਵਾਮੀ ਕੱਪ ਭੇਂਟ ਕੀਤਾ।

# ਪੁਰਾਣੇ ਸਮੇਂ 'ਚ ਰਸਾਇਣ ਵਿਗਿਆਨ 'ਚ ਭਾਰਤ ਦੁਨੀਆਂ 'ਚ ਮਸ਼ਹੂਰ ਸੀ— ਸ੍ਰੀ ਪਾਲ

ਅੰਮ੍ਰਿਤਸਰ—ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿਚ ਚਾਰ ਦਿਨਾਂ ਸੈਮੀਨਾਰ "ਟਰੈਂਡਜ਼ ਇਨ ਸਟਰਕਚਰ ਡਟਰਮੀਨੇਸ਼ਨ" ਦਾ ਉਦਘਾਟਨ ਕਰਦਿਆਂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਵਾਈਸ ਚਾਂਸਲਰ, ਡਾ: ਆਰ. ਸੀ. ਪਾਲ ਨੇ ਕਿਹਾ ਕਿ ਪੁਰਾਤਨ ਸਮਿਆਂ ਵਿਚ ਰਸਾਇਣਕ ਵਿਗਿਆਨ ਵਿਚ ਭਾਰਤ ਦਾ ਨਾਮ ਦੁਨੀਆਂ ਭਰ ਵਿਚ ਮਸ਼ਹੂਰ ਸੀ। ਇਕ ਬੋਧੀ ਭਿਖਸ਼ੂ ਨਾਗਅਰਜਨ, ਆਪਣੇ ਸਮੇਂ ਦਾ ਮੰਨਿਆ ਹੋਇਆ ਰਸਾਇਣਕ ਵਿਗਿਆਨੀ ਸੀ। ਉਸ ਨੇ ਪਾਰਾ ਸ਼ੁੱਧ ਕਰਨ ਦਾ ਤਰੀਕਾ ਲਭਿਆ ਸੀ। ਗਣਿਤ ਅਤੇ ਬੀਜ-ਗਣਿਤ ਵਿਗਿਆਨ ਵਿਚ ਵੀ ਭਾਰਤ ਕਿਸੇ ਨਾਲੋਂ ਪਿਛੇ ਨਹੀਂ ਸੀ। 'ਅਸਾਰੀਆ' ਤੇ 'ਸਿਫਰ' ਭਾਰਤ ਦੀ ਹੀ ਕਾਢ ਹਨ। ਅਰਬਾਂ ਨੂੰ ਇਸ ਨੂੰ ਪੂਰੀ ਮਾਨਤਾ ਦਿਤੀ ਹੈ। ਇਸੇ ਕਰਕੇ ਹੀ ਉਹ ਇਸ ਨੂੰ "ਹਿੰਦਸਾ" ਕਹਿੰਦੇ ਹਨ। ਵਾਈਸ ਚਾਂਸਲਰ, ਡਾ: ਜੇ. ਐਸ. ਗਰੇਵਾਲ ਨੇ ਸੈਮੀਨਾਰ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਕੀਤੀ, ਇਸਤੋਂ ਪਹਿਲਾਂ ਵਿਭਾਗ ਦੇ ਮੁਖੀ, ਡਾਕਟਰ ਪੀ. ਐਸ. ਬਾਸੀ ਨੇ ਆਏ ਡੈਲੀਗੇਟਾਂ ਨੂੰ ਜੀ ਆਇਆਂ ਆਖਿਆ ਤੇ ਵਿਭਾਗ ਦੀਆਂ ਪ੍ਰਾਪਤੀਆਂ ਤੇ ਚਾਨਣਾ ਪਾਇਆ।


Good News
If you are thinking of

Selling Your Home
We Charge Only
5% Commission
For
Multiple Listing Service
Please Call me Anytime



Gurminder Deol
277-2200

Deol Realty Ltd.


# ਜ਼ਿਆ ਦੀ ਤਾਨਾਸ਼ਾਹੀ ਤੇ ਔਰਤਾਂ

ਪਾਕਿਸਤਾਨ ਦੇ ਫੌਜੀ ਤਾਨਾਸ਼ਾਹਾਂ ਨੇ ਸਾਰੇ ਪਾਕਿਸਤਾਨ ਨੂੰ ਜੇਲ ਬਣਾਕੇ ਰੱਖ ਦਿਤਾ ਹੈ। ਤਰ੍ਹਾਂ ਤਰ੍ਹਾਂ ਦੇ ਬਹਾਨੇ ਘੜਕੇ ਸ਼ਹਿਰੀਆਂ ਤੇ ਫੌਜੀ ਅਦਾਲਤ ਵਲੋਂ ਕੋੜੇ ਮਾਰਨ ਦੀ ਮਧਕਾਲ ਦੀ ਵਹਿਸ਼ੀ ਸਜ਼ਾ ਦਿਤੀ ਜਾਂਦੀ ਹੈ। ਪਰ ਪਾਕਿਸਤਾਨੀ ਔਰਤਾਂ ਤੇ ਜਿਹੜਾ ਜਬਰ ਢਾਇਆ ਜਾ ਰਿਹਾ ਹੈ ਤੇ ਜਿਸ ਤਰਾਂ ਉਹਨਾਂ ਨੂੰ ਸਾਰੇ ਸਮਾਜੀ ਖੇਤਰਾਂ ਵਿਚੋਂ ਕੱਢਕੇ ਉਹਨਾਂ ਨੂੰ ਘਰ ਦੀ ਚਾਰ ਦੀਵਾਰੀ ਵਿਚ ਬੰਦ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਸ ਦੀ ਤਾਂ ਮਿਸਾਲ ਹੀ ਨਹੀਂ ਮਿਲਦੀ। ਔਰਤਾਂ ਤੇ ਜਬਰ ਦੀ ਤਾਜ਼ਾ ਮਿਸਾਲ ਉਦੋਂ ਵੇਖਣ ਵਿਚ ਆਈ ਜਦ ਲਾਹੌਰ ਵਿਚ ਸ਼ਹਿਰੀ ਹੱਕਾਂ ਦੀ ਰਾਖੀ ਲਈ ਔਰਤਾਂ ਵਲੋਂ ਕੱਢੇ ਗਏ ਜਲੂਸ ਤੇ ਪੁਲਸ ਨੇ ਅੰਨੇਵਾਹ ਲਾਠੀਚਾਰਜ ਕੀਤਾ। ਹੁਣੇ ਹੁਣੇ ਪ੍ਰਾਪਤ ਖਬਰਾਂ ਅਨੁਸਾਰ ਪਾਕਿਸਤਾਨੀ ਔਰਤਾਂ ਦੀ ਪ੍ਰਸਿਧ ਆਗੂ ਸ੍ਰੀਮਤੀ ਹਾਜਰਾ ਬੇਗਮ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਹੈ।

"ਘਰਾਂ ਤੋਂ ਬਾਹਰ ਨਿਕਲਣਾ ਬੰਦ ਕਰ ਦਿਓ।" ਇਸ ਤਰ੍ਹਾਂ ਦੀਆਂ ਧਮਕੀਆਂ ਭਰੀਆਂ ਚਿੱਠੀਆਂ ਪਿਛਲੇ ਦਿਨੀਂ ਕਰਾਚੀ ਦੀਆਂ ਲੜਕੀਆਂ ਦੇ ਕਾਲਜਾਂ ਤੇ ਸਕੂਲਾਂ ਦੀਆਂ ਵਿਦਿਆਰਥਣਾਂ ਤੇ ਅਧਿਆਪਕਾਂ ਨੂੰ ਮਿਲੀਆਂ ਹਨ। ਬਹੁਤ ਸਾਰੇ ਪਰਵਾਰਾਂ ਨੇ ਇਹਨਾ ਤੋਂ ਭੈਭੀਤ ਹੋ ਕੇ ਆਪਣੀਆਂ ਲੜਕੀਆਂ ਦਾ ਘਰਾਂ ਤੋਂ ਬਾਹਰ ਜਾਣਾ ਹੀ ਬੰਦ ਕਰ ਦਿਤਾ ਤੇ ਉਹ ਇਕ ਮਹੀਨੇ ਤਕ ਸਕੂਲ ਤੇ ਕਾਲਜ ਨਾ ਜਾ ਸਕੀਆਂ।

ਕੀ ਹੁਣ ਤੋਂ ਪਹਿਲਾਂ ਪਾਕਿਸਤਾਨ ਵਿਚਲੀ ਔਰਤ ਏਨੀ ਅਸੁਰਖਿਆਤ ਸੀ ? ਇਹ ਸਹੀ ਹੈ ਕਿ ਉਸ ਨੂੰ ਬਹੁਤ ਘੱਟ ਹੱਕ ਪ੍ਰਾਪਤ ਸਨ। ਸਮਾਜ ਵਿਚ ਉਸਦਾ ਮਾਣ ਤੇ ਇਜਤ ਬਹੁਤ ਘਟ ਸੀ। ਪਰ ਇਹ ਹਾਲਤ ਵੀ ਨਹੀਂ ਸੀ ਕਿ ਉਸ ਲਈ ਘਰ ਤੋਂ ਬਾਹਰ ਕਦਮ ਰਖਣ ਤੇ ਘੁੰਮਣਾ ਫਿਰਨਾ ਆਦਿ ਬੰਦ ਹੋ ਜਾਵੇ। ਇਸ ਲਈ ਇਕ ਸੁਆਲ ਪੈਦਾ ਹੁੰਦਾ ਹੈ ਕੀ ਪਾਕਿਸਤਾਨ ਵਿਚ ਔਰਤਾਂ ਲਈ ਸਥਿਤੀ ਏਨੀ ਨਾਕਾਬਲੇ ਬਰਦਾਸ਼ਤ ਕਿਉਂ ਬਣ ਗਈ ਹੈ ?

ਉਂਜ ਤਾਂ ਪਾਕਿਸਤਾਨੀ ਸਮਾਜ ਹੀ ਪੂਰੀ ਤਰ੍ਹਾਂ ਕੁਚਲ ਦਿਤਾ ਗਿਆ ਹੈ। ਪਰ ਚਾਦਰ ਤੇ ਘਰ ਦੀ ਚਾਰ ਦੀਵਾਰੀ ਸੁਰਖਿਆ ਦਾ ਦਾਅਵਾ ਕਰਨ ਵਾਲੀ ਇਸ ਸਰਕਾਰ ਦੇ ਸ਼ਾਸਨ ਦੇ ਦਿਨਾਂ ਵਿਚ ਔਰਤ ਜ਼ਾਤ ਤੇ ਏਨੇ ਘਿਰਣਮਈ ਅਤਿਆਚਾਰ ਕਿਉਂ ਹੋ ਰਹੇ ਹਨ ? ਇਹ ਸਭ ਕੁਝ ਕੌਣ ਕਰ ਰਿਹਾ ਹੈ ?

ਇਹ ਸਭ ਕੁਝ ਸਾਧਾਰਨ ਸਥਿਤੀ ਵਿਚ ਨਹੀਂ ਹੋ ਰਿਹਾ। ਸਭ ਕੁਝ ਇਕ ਸੋਚੀ ਸਮਝੀ ਸਕੀਮ ਤੇ ਯੋਜਨਾ ਤਹਿਤ ਹੋ ਰਿਹਾ ਹੈ ਕਿ ਆਬਾਦੀ ਦੇ ਅੱਧੇ ਹਿੱਸੇ ਨੂੰ ਇਸ ਤਰ੍ਹਾਂ ਪੂਰੇ ਸਮਾਜ ਤੋਂ ਕੱਟ ਦਿਓ ਤਾਂ ਜੋ ਪੂਰੀ ਸੁਸਾਇਟੀ ਹੀ ਸਿਰ ਨਾ ਉਚਾ ਕਰ ਸਕੇ। ਕਿਸੇ ਤਰ੍ਹਾਂ ਦੀਆਂ ਰਾਜਸੀ ਤੇ ਸਮਾਜੀ ਸਰਗਰਮੀਆਂ ਵਿਚ ਨਾ ਉਲਝਣ, ਪ੍ਰੋਟੈਸਟ ਨਾ ਕਰੇ ਆਦਿ ਆਦਿ। ਪਰ ਇਸ ਸਖਤੀ ਦਾ ਸਿੱਟਾ ਇਹ ਨਿਕਲਿਆ ਹੈ ਕਿ ਅਖੀਰ ਤੇ ਉਚ ਮਧ ਵਰਗ ਦੀਆਂ ਔਰਤਾਂ ਜਿਨ੍ਹਾਂ ਸਾਹਮਣੇ ਕੋਈ ਮਾਲੀ ਮਸਲਾ ਨਹੀਂ ਹੈ, ਜਿਨ੍ਹਾਂ ਵਿਚ ਰਾਜਸੀ ਦਿਖ: ਮੌਜੂਦ ਨਹੀਂ। ਉਹ ਵੀ ਅੱਜ ਇਸ ਘੁਟਨ ਭਰੇ ਮਾਹੌਲ ਤੋਂ ਛੁਟਕਾਰਾ ਪਾਉਣ ਤੇ ਕੁਝ ਕਰ ਸਕਣ ਲਈ ਬੇਚੈਨ ਹਨ।

### ਲੜਕੀਆਂ ਲਈ ਵਿਦਿਆ ਵਿਵਸਥਾ ਸੀਮਤ

ਕਰਾਚੀ ਯੂਨੀਵਰਸਿਟੀ ਵਿਚ ਬੀ. ਏ. ਆਨਰਜ਼ ਦੀਆਂ ਕਲਾਸਾਂ ਖਤਮ ਕਰ ਦਿਤੀਆਂ ਹਨ। ਇਸ ਤਰ੍ਹਾਂ ਲੜਕੀਆਂ ਦੀ ਵੱਡੀ ਗਿਣਤੀ ਵਿਗਿਆਨ ਦੀ ਪੜ੍ਹਾਈ ਤੋਂ ਵਾਂਝੀ ਕਰ ਦਿਤੀ ਗਈ ਹੈ। ਕਿਉਂਕਿ ਲੜਕੀਆਂ ਦੇ ਕਾਲਜਾਂ ਵਿਚੋਂ ਵਿਗਿਆਨ ਦੀ ਪੜ੍ਹਾਈ ਦੀਆਂ ਸਹੂਲਤਾਂ ਨਾ ਹੋਣ ਬਰਾਬਰ ਹਨ। ਇਕ ਦੋ ਕਾਲਜਾਂ ਤੋਂ ਇਲਾਵਾ ਬਾਕੀ ਕਾਲਜਾਂ ਵਿਚ ਵਿਗਿਆਨ ਦੀ ਪੜ੍ਹਾਈ ਦਾ ਕੋਈ ਪਰਬੰਧ ਹੈ ਹੀ ਨਹੀਂ।

# ਬੀ. ਸੀ. ਸਰਕਾਰ ਦਾ ਖੇਤ ਮਜ਼ਦੂਰਾਂ ਨਾਲ ਵਿਤਕਰਾ

## ਵਰਕਰਜ਼ ਕੰਪਨਸੇਸ਼ਨ ਨਿਯਮ ਫਾਰਮਵਰਕਰਾਂ ਤੇ ਲਾਗੂ ਨਹੀਂ ਹੋਣਗੇ

ਗੁਰਨਾਮ ਸਹੋਤਾ

ਖੇਤ ਮਜ਼ਦੂਰਾਂ ਲਈ ਵਰਕਰਜ਼ ਕੰਪਨਸੇਸ਼ਨ ਸੇਫਟੀ ਨਿਯਮ ਬੀ. ਸੀ. ਲੇਬਰ ਮਨਿਸਟਰ ਬੌਬ ਮਕਲੈਲੈਂਡ ਦੀ ਦਖਲ-ਅੰਦਾਜ਼ੀ ਕਾਰਨ ਇਕ ਵਾਰ ਫਿਰ ਠੱਪ ਕਰ ਦਿਤੇ ਗਏ ਹਨ।

ਇਹ ਨਿਯਮ 4 ਅਪਰੈਲ 1983 ਤੋਂ ਲਾਗੂ ਹੋਏ ਸਨ ਜਦੋਂ ਕਿ ਬੀ. ਸੀ. ਦੇ ਸਾਰੇ ਖੇਤ ਮਜ਼ਦੂਰਾਂ ਤੇ ਵਰਕਰਜ਼ ਕੰਪਨਸੇਸ਼ਨ ਦਾ ਕਾਨੂੰਨ ਲਾਗੂ ਹੋਣਾ ਹੈ। ਪਰ ਇਹਨਾ ਨਿਯਮਾਂ ਦੀ ਬਜਾਇ ਫਾਰਮਰਾਂ ਵਲੋਂ ਇਕ "ਫਾਰਮ ਸੇਫਟੀ ਏਜੰਸੀ" ਬਣਾਈ ਜਾਵੇਗੀ ਜਿਸਦਾ ਨਿਸ਼ਾਨਾ ਪਰਚਾਰ ਦੇ ਪਰੋਗਰਾਮ ਰਾਹੀਂ ਫਾਰਮਾਂ ਵਿਚ "ਸੇਫਟੀ ਹਾਲਤਾਂ ਦਾ ਸੁਧਾਰ" ਕਰਨਾ ਹੋਵੇਗਾ।

ਸਰਕਾਰ ਦੇ ਇਸ ਐਲਾਨ ਬਾਰੇ ਕਨੇਡੀਅਨ ਫਾਰਮਵਰਕਜ਼ ਯੂਨੀਅਨ ਦੇ ਪਰਧਾਨ ਰਾਜ ਚੌਹਾਨ ਨੇ ਕਿਹਾ "ਬੀ. ਸੀ. ਦੀ ਸੋਕਰਡ ਸਰਕਾਰ ਨੇ ਖੇਤ ਮਜ਼ਦੂਰਾਂ ਨਾਲ ਇਕ ਬਹੁਤ ਵੱਡਾ ਧੋਖਾ ਕੀਤਾ ਹੈ।" ਉਹਨਾ ਕਿਹਾ, "ਜੇ ਸਰਕਾਰ ਸਾਡੇ ਨਾਲ ਅਜਿਹਾ ਕਰ ਸਕਦੀ ਹੈ ਤਾਂ ਹੋਰਨਾਂ ਵਰਕਰਾਂ ਨਾਲ ਭੀ ਅਜਿਹਾ ਕਰਨ ਤੋਂ ਨਹੀਂ ਝਿਜਕੇਗੀ।"

ਫਾਰਮਰਾਂ ਦੀ ਜਥੇਬੰਦੀ ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਵਲੋਂ "ਫਾਰਮ ਸੇਫਟੀ ਏਜੰਸੀ" ਬਣਾਉਣ ਬਾਰੇ ਕੀਤੇ ਗਏ ਐਲਾਨ ਤੋਂ ਸਰਕਾਰ ਦੀ ਸਿਆਸੀ ਮੌਕਾ ਪਰਸਤੀ ਸਪੱਸ਼ਟ ਜ਼ਾਹਰ ਹੋ ਰਹੀ ਸੀ। ਇਹ "ਏਜੰਸੀ" ਸਥਾਪਤ ਕਰਨ ਦਾ ਫੈਸਲਾ ਕੇਬਨਿਟ ਨੇ 10 ਮਾਰਚ ਵਾਲੇ ਦਿਨ ਕਰਨਾ ਸੀ। ਪਰ ਇਸ ਫੈਸਲੇ ਦਾ ਐਲਾਨ ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਨੇ 9 ਮਾਰਚ ਨੂੰ ਭੇਜੀ ਹੋਈ ਪਰੈਸ ਰਲੀਜ਼ ਵਿਚ ਕਰ ਦਿਤਾ। ਕਨੇਡੀਅਨ ਫਾਰਮਵਰਕਜ਼ ਯੂਨੀਅਨ ਦੇ ਪਰਧਾਨ ਰਾਜ ਚੌਹਾਨ ਨੇ ਕਿਹਾ, "ਇਕ ਪਾਸੇ ਤਾਂ ਸਾਡੀਆਂ ਵਰਕਰਜ਼ ਕੰਪਨਸੇਸ਼ਨ ਬੋਰਡ ਅਤੇ ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਨਾਲ ਮੀਟਿੰਗਾਂ ਹੋ ਰਹੀਆਂ ਸੀ ਕਿ ਸਿਹਤ ਅਤੇ ਸੇਫਟੀ ਸਬੰਧੀ ਨਿਯਮ ਕੀ ਹੋਣੇ ਚਾਹੀਦੇ ਹਨ ਅਤੇ ਦੂਸਰੇ ਪਾਸੇ ਫਾਰਮਰਾਂ ਅਤੇ ਸਰਕਾਰ ਵਿਚਕਾਰ ਨਿਯਮਾਂ ਖਿਲਾਫ ਸਾਜ਼ਿਸ਼ ਹੋ ਰਹੀ ਸੀ। ਇਸ ਵਿਚ ਕੋਈ ਸ਼ੱਕ ਨਹੀਂ ਰਹਿੰਦੀ ਕਿ ਸਰਕਾਰ ਨੇ ਫਾਰਮਰਾਂ ਦੀਆਂ ਵੋਟਾਂ ਲੈਣ ਲਈ ਅਤੇ ਵੋਟਾਂ ਲਈ ਫੰਡ ਲੈਣ ਨੂੰ ਖੇਤ ਮਜ਼ਦੂਰਾਂ ਦੀਆਂ ਜਾਨਾਂ ਬਚਾਉਣਾ ਜ਼ਰੂਰੀ ਨਹੀਂ ਸਮਝਿਆ।"

ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਵਲੋਂ 9 ਮਾਰਚ 1983 ਨੂੰ ਕੀਤੇ ਗਏ ਐਲਾਨ ਦੇ ਸਮੇਂ ਤਕ ਕੰਪਨਸੇਸ਼ਨ ਬੋਰਡ ਦੇ ਚੇਅਰਮੈਨ ਆਰਟ ਗਿਬਨਜ਼ (Art Gibbons) ਦਾ ਕਹਿਣਾ ਸੀ ਸੇਫਟੀ ਨਿਯਮਾਂ ਦਾ ਐਲਾਨ ਪਹਿਲੀ ਅਪਰੈਲ 1983 ਨੂੰ ਕਰ ਦਿਤਾ ਜਾਵੇਗਾ ਪਰ ਉਹ ਨਿਯਮ ਇਕ ਸਾਲ ਲਈ ਲਾਗੂ ਨਹੀਂ ਕੀਤੇ ਜਾਣਗੇ ਤਾਂ ਕਿ ਉਹਨਾਂ ਬਾਰੇ ਫਾਰਮਰਾਂ ਨੂੰ ਪਤਾ ਲੱਗ ਸਕੇ। ਵਰਕਰਜ਼ ਕੰਪਨਸੇਸ਼ਨ ਬੋਰਡ ਦੇ ਕਮਿਸ਼ਨਰ ਮਾਈਕ ਪਾਰ (Mike Parr) ਨੇ ਪੱਤਰਕਾਰਾਂ ਨੂੰ ਕਿਹਾ ਕਿ ਇਸ ਐਲਾਨ ਹੋਣ ਦੇ ਸਮੇਂ ਤਕ ਕੰਪਨਸੇਸ਼ਨ ਬੋਰਡ ਦਾ ਖਿਆਲ ਸੀ ਕਿ ਸੇਫਟੀ ਨਿਯਮ ਪਹਿਲੀ ਅਪਰੈਲ ਤਕ ਮਿਥ ਲਏ ਜਾਣਗੇ।

ਪਰੋਵਿੰਸ (The Province) ਅਖਬਾਰ ਵਿਚ ਛਪੀ ਇਕ ਰਿਪੋਰਟ ਅਨੁਸਾਰ ਐਗਰੀਕਲਚਰ ਮਨਿਸਟਰ ਜਿਨ ਹੀਊਟ (Jim Hewitt) ਨੇ ਕੁਝ ਸਮਾਂ ਪਹਿਲਾਂ ਵਰਕਰਜ਼ ਕੰਪਨਸੇਸ਼ਨ ਬੋਰਡ ਦੇ ਚੇਅਰਮੈਨ ਆਰਟ ਗਿਬਨਜ਼ ਨੂੰ ਇਹ ਧਮਕੀ ਦਿਤੀ ਸੀ ਕਿ ਜੇ ਸੇਫਟੀ ਨਿਯਮ ਸਰਕਾਰ ਨੂੰ ਠੀਕ ਨਾ ਲੱਗੇ ਤਾਂ ਕੇਬਨਿਟ ਉਸਨੂੰ ਬਰਖਾਸਤ ਕਰ ਸਕਦੀ ਹੈ।

ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਨੇ ਫਾਰਮਵਰਕਰਾਂ ਤੇ ਨਿਯਮ ਨਾ ਲਾਗੂ ਕਰਨ ਦਾ ਫੈਸਲਾ ਉਸ ਸਮੇਂ ਕੀਤਾ ਜਦੋਂ ਕਿ ਨਿਊਵੈਸਟਮਿਨਸਟਰ ਵਿਚ ਇਕ ਕੌਰਨਰ ਜਿਊਰੀ ਇਕ 20 ਸਾਲਾਂ ਦੇ ਨੌਜਵਾਨ ਫਾਰਮਵਰਕਰ ਜਰਨੈਲ ਸਿੰਘ ਦਿਉਲ ਦੀ ਖਤਰਨਾਕ ਕੀੜੇ ਮਾਰ ਦਵਾਈਆਂ ਨਾਲ ਹੋਈ ਮੌਤ ਦੀ ਜਾਂਚ ਪੜਤਾਲ ਕਰ ਰਹੀ ਸੀ।

ਬੀ. ਸੀ. ਦੇ ਸੇਫਟੀ ਨਿਯਮ ਲਾਗੂ ਨਾ ਕਰਨ ਦਾ ਫੈਸਲਾ ਬੋਰਡ ਦੇ ਇਤਿਹਾਸ ਵਿਚ ਪਹਿਲੀ ਵਾਰੀ ਅਜਿਹਾ ਫੈਸਲਾ ਹੈ ਜਦੋਂ ਕਿ ਕਿਸੇ ਖਾਸ ਵਰਕਰਾਂ ਉਪਰ ਵਰਕਰਜ਼ ਕੰਪਨਸੇਸ਼ਨ ਦਾ ਕਾਨੂੰਨ ਤਾਂ ਲਾਗੂ ਹੋਵੇ ਪਰ ਸੇਫਟੀ ਨਿਯਮ ਲਾਗੂ ਨਾ ਹੋਣ।

ਬੀ. ਸੀ. ਸਰਕਾਰ ਦਾ ਖੇਤ ਮਜ਼ਦੂਰਾਂ ਨਾਲ ਇਹ ਵਿਤਕਰਾ ਕਰਨ ਦਾ ਫੈਸਲਾ ਬੀ. ਸੀ. ਮੈਡੀਕਲ ਐਸੋਸੀਏਸ਼ਨ ਅਤੇ ਸਰਕਾਰ ਦੇ ਆਪਣੇ ਮਨੁਖੀ ਅਧਿਕਾਰਾਂ ਦੇ ਕਮਿਸ਼ਨ (Human Rights Commission) ਦੀਆਂ ਸਿਫਾਰਸ਼ਾਂ ਦੇ ਬਿਲਕੁਲ ਉਲਟ ਹੈ।

ਬੀ. ਸੀ. ਦੀ ਨਿਊ ਡੈਮੋਕਰੇਟਿਕ ਪਾਰਟੀ (N.D.P.) ਅਤੇ ਵੈਨਕੂਵਰ ਵਿਚ ਮਨੁੱਖੀ ਅਧਿਕਾਰਾਂ ਸਬੰਧੀ ਜਥੇਬੰਦੀਆਂ ਦੇ ਇਕ ਗੱਠ ਜੋੜ ਨੇ ਸਰਕਾਰ ਦੇ ਇਸ ਫੈਸਲੇ ਦੀ ਨਿਖੇਧੀ ਕੀਤੀ ਹੈ।

ਐਨ. ਡੀ. ਪੀ. ਦੀ ਲੇਬਰ critic ਕੌਰਨ ਸੈਨਫੋਰਡ ਨੇ ਇਕ ਬਿਆਨ ਵਿਚ ਕਿਹਾ ਕਿ "ਸੋਕਰਡ ਸਰਕਾਰ ਨੇ ਬੀ. ਸੀ. ਫੈਡਰੇਸ਼ਨ ਆਫ ਐਗਰੀਕਲਚਰ ਨਾਲ ਸਾਜ਼ਿਸ਼ ਕਰਕੇ ਖੇਤ ਮਜ਼ਦੂਰਾਂ ਨਾਲ ਇਕ ਬਹੁਤ ਵੱਡਾ ਧੋਖਾ ਕੀਤਾ ਹੈ।" ਉਹਨਾਂ ਕਿਹਾ ਕਿ, "ਇਸ ਸਕੈਂਡਲ ਦੇ ਨਤੀਜੇ ਵਜੋਂ ਖੇਤ ਮਜ਼ਦੂਰਾਂ ਨੂੰ ਕੰਮ ਦੀਆਂ ਖਤਰਨਾਕ ਹਾਲਤਾਂ ਵਿਚ ਸੁਧਾਰ ਕਰਨ ਦੀ ਬਹੁਤ ਘੱਟ ਆਸ ਹੈ।"

ਵੈਨਕੂਵਰ ਦੇ ਦੋਨੋਂ ਵੱਡੇ ਅਖਬਾਰਾਂ ਵੈਨਕੂਵਰ ਸਨ (The Vancouver Sun) ਅਤੇ ਪ੍ਰੋਵਿੰਸ(The Province) ਨੇ ਸਰਕਾਰ ਦੇ ਇਸ ਫੈਸਲੇ ਦੀ ਆਪਦੇ ਸੰਪਾਦਕੀ ਲੇਖਾਂ ਵਿਚ ਨਿਖੇਧੀ ਕੀਤੀ ਹੈ।

# ਸਮਗਲਿੰਗ ਦੇ ਮਾਲ ਤੇ ਅਕਾਲੀ ਆਗੂਆਂ ਦੀ ਲੜਾਈ—ਕੀ ਅਗਵਾ ਕੀਤੇ ਬੰਦੇ ਕਤਲ ਕਰ ਦਿਤੇ ?

ਜਲੰਧਰ—ਸਮਗਲਿੰਗ ਦਾ ਮਾਲ ਵੰਡਣ ਤੋਂ ਅਕਾਲੀ ਦਲ ਦੇ ਦੋ ਗਰੁਪਾਂ ਵਿਚਕਾਰ ਸ਼ੁਰੂ ਹੋਈ ਲੜਾਈ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ ਪਤਾ ਲੱਗਾ ਹੈ ਕਿ ਇਕ ਗਰੁਪ ਵਲੋਂ ਅਗਵਾ ਕੀਤੇ ਗਏ ਦੂਸਰੇ ਗਰੁਪ ਦੇ ਤਿੰਨ ਵਿਅਕਤੀ ਕਤਲ ਕਰ ਦਿਤੇ ਗਏ ਹਨ ?

ਸਰਹੱਦੀ ਖੇਤਰਾਂ ਦੇ ਪਿੰਡ ਰਣਗੜ੍ਹ ਦੇ ਇਕ ਉਘੇ ਅਕਾਲੀ ਆਗੂ ਨੇ ਕੁਝ ਦਿਨ ਪਹਿਲਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਤੋਂ ਮੰਗ ਕੀਤੀ ਸੀ ਕਿ ਉਹਨਾਂ ਦੇ ਅਗਵਾ ਕੀਤੇ ਵਿਅਕਤੀ ਵਾਪਸ ਦੁਆਏ ਜਾਣ। ਸਮਗਲਰਾਂ ਦੇ ਇਕ ਗਰੁਪ ਦਾ ਸਬੰਧ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਹਰਮਿੰਦਰ ਸਿੰਘ ਸੰਧੂ ਦੇ ਭਰਾ ਨਾਲ ਹੈ ਜਿਸ ਨੂੰ ਪੁਲਸ ਨੇ ਅਤਿਵਾਦੀ ਸਰਗਰਮੀਆਂ ਅਧੀਨ ਗ੍ਰਿਫਤਾਰ ਕੀਤਾ ਸੀ।

---

# ਮਿੰਨੀ ਕਹਾਣੀ "ਬਾਬੂ ਜੀ"

ਕੇਸਰ ਬਾਂਸਲ

"ਬਾਬੂ ਜੀ ਮੁਝੇ ਲੋਨ ਮਿਲੇਗਾ ?" ਇਹ ਕਹਿੰਦਿਆਂ ਹੋਇਆਂ ਇਕ ਗਰੀਬ ਕਿਸਾਨ ਬੈਂਕ ਦੇ ਬਾਬੂ ਦੇ ਸਾਹਮਣੇ ਖੜਾ ਹੋ ਗਿਆ। ਪਰ ਬਾਬੂ ਚੁਪ ਚਪੀਤੇ ਤੇ ਬਿਨਾਂ ਕੁਝ ਜਵਾਬ ਦਿੰਦੇ ਹੋਏ ਆਪਣੀਆਂ ਫਾਈਲਾਂ ਦੇ ਪੰਨੇ ਪਲਟ ਰਿਹਾ ਸੀ। ਸ਼ਾਇਦ ਕਿ ਬਾਬੂ ਨੇ ਉਸ ਗਰੀਬ ਕਿਸਾਨ ਦਾ ਇਹ ਸਵਾਲ ਸੁਣਿਆ ਹੀ ਨਾ ਹੋਵੇ। ਬਾਬੂ ਦੇ ਪਿਛਲੇ ਟੇਬਲ ਤੋਂ ਉਸਦੇ ਦੋਸਤ ਰਾਮੂ ਨੇ ਅਵਾਜ਼ ਦਿੰਦੇ ਹੋਏ ਕਿਹਾ "ਓ ਰਵੀ, ਕਿਆ ਅੱਜ ਪਾਨ-ਸ਼ਾਨ ਦੀ ਕੋਈ ਨਹੀਂ ਹੈ ?" ਰਵੀ ਨੇ ਵੀ ਉਸੇ ਹੀ ਅੰਦਾਜ਼ ਵਿਚ ਜਵਾਬ ਦਿਤਾ, "ਹਾਂ-ਹਾਂ ਚਲੋ।" ਦੋਵੇਂ ਬਾਬੂ ਗੱਲਾਂ ਬਾਤਾਂ ਕਰਦੇ ਹੋਏ ਬਾਹਰ ਨਿਕਲ ਗਏ। ਪਰ ਗਰੀਬ ਕਿਸਾਨ ਕੁਝ ਕਹਿੰਦਾ ਕਹਿੰਦਾ ਹੀ ਰੁਕ ਗਿਆ।

ਗਰੀਬ ਕਿਸਾਨ ਉਹਨਾਂ ਦੀ ਵਾਪਸੀ ਆਉਣ ਦੀ ਇੰਤਜ਼ਾਰ ਕਰ ਰਿਹਾ ਸੀ। ਲਗਪਗ 30-40 ਮਿੰਟਾਂ ਦੇ ਬਾਅਦ ਉਹ ਦੋਵੇਂ ਬਾਬੂ ਵਾਪਿਸ ਆਏ। ਦੋਵੇਂ ਬਾਬੂ ਗੱਲਾਂ-ਬਾਤਾਂ ਵਿਚ ਖੁਸ਼ ਨਜ਼ਰ ਆ ਰਹੇ ਸਨ ਤੇ ਗਰੀਬ ਦੀਆਂ ਅੱਖਾਂ ਵਿਚ ਵੀ ਖੁਸ਼ੀ ਦੀ ਲਹਿਰ ਦੌੜ ਆਈ ਕਿ ਹੁਣ ਲੋਨ ਜ਼ਰੂਰ ਹੀ ਮਿਲ ਜਾਵੇਗਾ। ਗਰੀਬ ਕਿਸਾਨ ਫਿਰ ਉਸੀ ਹੀ ਅਵਾਜ਼ ਵਿਚ ਗਿੜਗੜਾ ਕੇ ਬੋਲਿਆ, "ਬਾਬੂ ਜੀ ......!" ਉਹ ਬਾਬੂ ਬੜੇ ਹੀ ਗੁਸੇ ਭਰੀ ਅਵਾਜ਼ ਵਿਚ ਬੋਲਿਆ ਉਏ ਤੈਨੂੰ ਦਿਸਦਾ ਨਹੀਂ ਹੈ ਪਾਗਲਾ ਕਿ ਹੁਣ ਸਾਡਾ ਲੰਚ ਟਾਈਮ ਹੋ ਰਿਹਾ ਹੈ।" ਕਿਤੇ ਟਾਈਮ ਵੀ ਦੇਖ ਲਿਆ ਕਰੋ ਆ ਜਾਂਦੇ ਹਨ ਲੋਨ ਲੈਣ ਨੂੰ। ਪਰ ਵਿਚਾਰਾ ਕਿਸਾਨ ਬੜੀ ਹੀ ਨਿਮਰਤਾ ਨਾਲ ਬੋਲਿਆ, "ਅੱਛਾ ਬਾਬੂ ਜੀ ਸਾਹਿਬ ਜੀ।" ਪਰ ਉਹਨਾ ਦੇ ਬਾਬੂਆਂ ਦੇ ਆਫਿਸ ਦਾ ਲੰਚ ਸ਼ਾਮ ਦੇ ਚਾਰ ਵਜੇ ਤੱਕ ਚਲਦਾ ਰਿਹਾ। ਗਰੀਬ ਕਿਸਾਨ ਚਾਰ ਵਜੇ ਤਕ ਇਕ ਬੈਂਕ ਦੀ ਨੁਕਰ ਵਿਚ ਪਏ ਹੋਏ ਬੈਂਚ ਤੇ ਬੈਠਾ ਹੋਇਆ ਬੈਂਕ ਵਿਚ ਲੱਗੇ ਹੋਏ ਪੋਸਟਰਾਂ ਵੱਲ ਤੱਕਦਾ ਰਿਹਾ। ਟਰੈਕਟਰ ਚਲਾਉਂਦਾ ਹੋਇਆ ਕਿਸਾਨ, ਲਹਿਲਹਾਂਦੀਆਂ ਹੋਈਆਂ ਫਸਲਾਂ ਵਾਲੇ ਲੱਗੇ ਹੋਏ ਪੋਸਟਰ ਵਾਰ ਵਾਰ ਉਸਦੇ ਦਿਮਾਗ ਵਿਚ ਆ ਰਹੇ ਸਨ। ਇਹ ਸਭ ਕੁਝ ਵੇਖ ਕੇ ਉਸਦਾ ਮਨ ਖੁਸ਼ ਹੋ ਰਿਹਾ ਸੀ। ਉਸ ਦਫਤਰ ਦੇ ਸਭ ਲੋਕ ਹੌਲੀ ਹੌਲੀ ਦਫਤਰ ਵੱਲ ਆਉਣ ਲੱਗੇ ਉਹ ਬਾਬੂ ਜੀ ਆਪਣੀ ਕੁਰਸੀ ਤੇ ਆ ਕੇ ਬੈਠ ਗਿਆ ਅਤੇ ਦਰਾਜ ਵਿਚੋਂ ਕੁਝ ਫਿਲਮੀ ਮੇਗਜ਼ੀਨਾਂ ਦੇ ਵਰਕੇ ਪਲਟਣ ਲੱਗਾ। ਕਿਸਾਨ ਫਿਰ ਉਸ ਬਾਬੂ ਦੇ ਕੋਲ ਆਇਆ, ਤੇ ਨਿਮਰਤਾ ਨਾਲ ਕੁਝ ਕਹਿਣ ਲੱਗਾ, "ਬਾਬੂ ਜੀ ......।" ਉਸ ਕਿਸਾਨ ਦੇ ਲਫਜ਼ ਪੂਰੇ ਵੀ ਨਹੀਂ ਸਨ ਹੋਏ ਕਿ ਬਾਬੂ ਮੀਂਹ ਵਾਂਗੂੰ ਉਸ ਉਤੇ ਵਰਸ ਪਿਆ। ਕਿ ਤੈਨੂੰ ਮੈਂ ਸਵੇਰ ਤੋਂ ਦੇਖ ਰਿਹਾ ਹਾਂ ਕਿ ਤੂੰ ਮੇਰੇ ਸਿਰ ਤੇ ਸਵਾਰ ਹੋਇਆ ਏਂ, ਸਾਨੂੰ ਦਫਤਰ ਦਾ ਕੰਮ ਵੀ ਨਹੀਂ ਕਰਨ ਦਿੰਦਾ। ਤੇ ਫਿਰ ਬਾਬੂ ਨੇ ਚਪੜਾਸੀ ਨੂੰ ਇਕ ਤੇਜ਼ ਅਵਾਜ਼ ਦਿੱਤੀ, "ਉਏ ਹਰੀਆ .....।" ਹਰੀਆ ਉਸ ਕਿਸਾਨ ਨੂੰ ਦਫਤਰ ਵਿਚੋਂ ਧੱਕੇ ਮਾਰ ਕੇ ਬਾਹਰ ਕੱਢ ਗਿਆ ਸੀ ਤੇ ਦਫਤਰ ਦੇ ਸਭ ਲੋਕ ਆਪਣਾ ਆਪਣਾ ਕੰਮ ਕਰ ਰਹੇ ਸਨ।

---

**ਅਕਾਲੀ ਅਸਤੀਫਿਆਂ ਬਾਰੇ ਫੈਸਲਾ ਸਪੀਕਰ ਸਮਾਗਮ ਉਠਣ ਤੋਂ ਬਾਅਦ ਦੇਣਗੇ।**

---


# ਵਿਸਾਖੀ ਦੀਆਂ ਮੁਬਾਰਕਾਂ
# ਬੀ. ਸੀ. ਐਨ. ਡੀ. ਪੀ.

## ਕੀ ਤੁਸੀਂ ਆਪਣੀ ਵੋਟ ਰਜਿਸਟਰ ਕਰਵਾ ਲਈ ਹੈ ?
## ਤੁਸੀਂ ਵੋਟ ਪਾਉਣ ਦਾ ਹੱਕ ਰੱਖਦੇ ਹੋ ਜੇ :

- ਤੁਸੀਂ ਕੈਨੇਡਾ ਦੇ ਸ਼ਹਿਰੀ ਹੋ ਜਾਂ ਬ੍ਰਿਟਿਸ਼ ਸਬਜੇਕਟ ਹੋ ਤੇ ਤੁਹਾਡੇ ਲੈਂਡਡ ਇੰਮੀਗਰੈਂਟ ਦੀ ਮੋਹਰ ਲੱਗੀ ਹੈ(ਇਸ ਵਿਚ ਉਹ ਵੀ ਸ਼ਾਮਲ ਹਨ ਜਿਨ੍ਹਾਂ ਦਾ ਪਹਿਲਾ ਮੁਲਕ ਇੰਡੀਆ, ਫੀਜ਼ੀ, ਬ੍ਰਿਟਿਸ਼ ਈਸਟ ਅਫ਼ਰੀਕਾ, ਸਿੰਘਾਂਪੁਰ, ਮਲੇਸ਼ੀਆ, ਬ੍ਰਿਟਿਸ਼ ਵੇਸਟ ਇੰਡੀਜ਼, ਸ੍ਰੀ ਲੰਕਾ, ਗਰੇਟ ਬ੍ਰਿਟਨ ਜਾਂ ਹੋਰ ਕਾਮਨ ਵੈਲਥ ਦੇਸ਼ ਹੈ)
- ਤੁਸੀਂ ਕੈਨੇਡਾ ਵਿਚ 12 ਮਹੀਨੇ ਰਹੇ ਹੋ ਅਤੇ ਬ੍ਰਿਟਿਸ਼ ਕੋਲੰਬੀਆਂ ਵਿਚ ਅਲੇਕਸ਼ਨ ਦਿਨ ਤੋਂ ਪਹਿਲਾਂ 6 ਮਹੀਨੇ ਰਹੇ ਹੋ
- ਤੁਸੀਂ ਈਲੈਕਸ਼ਨ ਦਿਨ ਤੇ 19 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ

ਹੋਰ ਜਾਣਕਾਰੀ ਲਈ ਜਾਂ ਇਹ ਪਤਾ ਕਰਨ ਲਈ ਕਿ ਤੁਹਾਡਾ ਨਾਂ ਵੋਟਰਾਂ ਦੀ ਲਿਸਟ ਵਿਚ ਸ਼ਾਮਲ ਹੈ, ਮਿਹਰਬਾਨੀ ਕਰਕੇ ਸਾਨੂੰ ਇਨ੍ਹਾਂ ਨੰਬਰਾਂ ਤੇ ਫੋਨ ਕਰੋ :

| | | | |
|---|---|---|---|
| ਸੈਂਟਰਲ ਫਰੇਜਰ ਵੈਲੀ | 859-6311 | ਬਰਨਬੀ - ਐਡਮੰਡਜ਼ | 437-9452 |
| ਬਰਨਬੀ-ਵਿਲਿੰਗਡਨ | 434-6678 | ਬਰਨਬੀ ਨੌਰਥ | 298-8958 |
| ਲੈਂਗਲੀ | 530-8244 | ਕੁਕਿਟਲਮ-ਮੂਡੀ | 941-4001 |
| ਐਲਾਰਡਵਾਈਲ-ਕੁਕਟਿਲਮ | 937-3516 | ਵੈਨਕੂਵਰ-ਲਿਟਲ ਮਾਊਂਟੇਨ | 874-0636 |
| ਵੈਨਕੂਵਰ ਈਸਟ | 253-5522 | ਵੈਨਕੂਵਰ ਸੈਂਟਰ | 253-8405 |
| ਵੈਨਕੂਵਰ - ਪੁਆਇੰਟ ਗਰੇ | 224-3006 | ਵੈਨਕੂਵਰ ਸਾਊਥ | 325-3327 |
| ਨਿਊਵੈਸਟ ਮਿਨਸਟਰ | 521-8111 | ਡੈਲਟਾ | 594-4458 |
| ਰਿਚਮੰਡ | 463-5758 | ਵਿਲਾ ਵੈਕ | 792-7311 |
| ਡਿਊਡਨੀ | 463-5758 | ਨਾਰਥ ਵੈਨਕੂਵਰ-ਸੇਅਮੂਰ | 980-5957 |


# ਜੀਪ ਪੁਲਸ ਦੀ ਮਿਲੀ ਭੁਗਤ ਨਾਲ ਹੀ ਚੌਕ ਮਹਿਤਾ ਲਈ ਰਵਾਨਾ ਹੋਈ ਸੀ ਪਰ ...?

ਜਲੰਧਰ—ਇਕ ਪੁਲਸ ਅਧਿਕਾਰੀ ਨੂੰ ਜ਼ਖਮੀ ਕਰਕੇ ਭੱਜ ਜਾਣ ਵਾਲੀ ਜੀਪ ਵਾਰੇ ਅਤਿਵਾਦੀ ਸਿੱਖ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਕਿਹਾ ਹੈ ਕਿ ਇਹ ਜੀਪ ਉਹਦੇ ਸ਼ਰਧਾਲੂਆਂ ਦੀ ਸੀ ਜਿਹੜੇ ਕਿ ਮਹਿਤਾ ਚੌਕ ਨੂੰ ਜਾ ਰਹੇ ਸਨ। ਭਰੋਸੇ ਯੋਗ ਵਸੀਲਿਆਂ ਤੋਂ ਪ੍ਰਾਪਤ ਰੀਪੋਰਟਾਂ ਅਨੁਸਾਰ ਇਹ ਗੱਲ ਠੀਕ ਹੈ ਕਿ ਇਹ ਜੀਪ ਅਸਲੇ ਨਾਲ ਭਰੀ ਹੋਈ ਸੀ ਕਿਉਂਕਿ ਸੰਤ ਜਰਨੈਲ ਸਿੰਘ ਅਕਾਲੀ ਆਗੂਆਂ ਨਾਲ ਮਤਭੇਦ ਪੈਦਾ ਹੋ ਜਾਣ ਕਰਕੇ ਗੁਰੂ ਨਾਨਕ ਨਿਵਾਸ ਵਿਚੋਂ ਨਿਕਲਕੇ ਚੌਕ ਮਹਿਤਾ ਜਾਣਾ ਚਾਹੁੰਦਾ ਹੈ ਅਤੇ ਇਸ ਤੋਂ ਪਹਿਲਾਂ ਉਹ ਸਾਰਾ ਸਾਜੋ ਸਮਾਨ ਉਥੇ ਪਹਚਾਉਣਾ ਚਾਹੁੰਦਾ ਹੈ। ਇਹ ਜੀਪ ਇਸੇ ਸਕੀਮ ਦਾ ਇਕ ਅੰਗ ਸੀ। ਇਹਨਾਂ ਸੂਤਰਾਂ ਨੇ ਕਿਹਾ ਕਿ ਜੀਪ ਗੁਰੂ ਨਾਨਕ ਨਿਵਾਸ ਵਿਚੋਂ ਕੁਝ ਪੁਲਸ ਅਫਸਰਾਂ ਦੀ ਮਦਦ ਨਾਲ ਹੀ ਰਾਤੀਂ ਦੋ ਵਜੇ ਨਿਕਲੀ ਸੀ ਅਤੇ ਇਸ ਨੇ ਚੁਪ ਚਾਪ ਚੌਕ ਮਹਿਤਾ ਪੁੱਜ ਜਾਣਾ ਸੀ। ਪਰ ਪੁਲਸ ਅਧਿਕਾਰੀਆਂ ਦੀ ਆਪਸ ਵਿਚ ਠਣ ਜਾਣ ਕਾਰਨ ਮਾਮਲਾ ਗੜਬੜ ਹੋ ਗਿਆ। ਇਥੇ ਇਹ ਵੀ ਵਰਨਣ ਯੋਗ ਹੈ ਕਿ ਅਕਾਲੀ ਦਲ ਦਾ ਇਕ ਧੜਾ ਵਾਰ ਵਾਰ ਇਹ ਜ਼ੋਰ ਪਾ ਰਿਹਾ ਹੈ ਕਿ ਜਿੰਨਾ ਚਿਰ ਭਿੰਡਰਾਂਵਾਲਾ ਗੁਰੂ ਨਾਨਕ ਨਿਵਾਸ ਵਿਚੋਂ ਬਾਹਰ ਨਹੀਂ ਨਿਕਲਦਾ ਉਨਾ ਚਿਰ ਮੋਰਚਾ ਕਿਸੇ ਕੰਢੇ ਨਹੀਂ ਲਗ ਸਕਦਾ।

# ਅਤਿਵਾਦੀਆਂ ਨੂੰ ਗੁਰਦੁਆਰਿਆਂ ਵਿਚੋਂ ਕਢਿਆ ਜ ਵੇ-ਯੂਥ ਅਕਾਲੀ ਨੇਤਾ ਦੀਮੰਗ

ਬਾਬਾ ਬਕਾਲਾ — ਯੂਥ ਅਕਾਲੀ ਦਲ ਸਰਕਲ ਬਿਆਸ ਦੇ ਇਕ ਪਰਮੁਖ ਨੇਤਾ ਸਰਬਜੀਤ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਤੋਂ ਮੰਗ ਕੀਤੀ ਹੈ ਕਿ ਗੁਰਦੁਆਰਿਆਂ ਵਿਚ ਛਿਪੇ ਬੈਠੇ ਅਤਿਵਾਦੀ ਅੰਸਰਾਂ ਨੂੰ ਤੁਰੰਤ ਬਾਹਰ ਕਢਿਆ ਜਾਵੇ ਤਾਂ ਕਿ ਧਾਰਮਿਕ ਅਸਥਾਨਾਂ ਦੀ ਪਵਿਤਰਤਾ ਨੂੰ ਠੇਸ ਲਗਣ ਤੋਂ ਬਚਾਇਆ ਜਾ ਸਕੇ.

ਬੀਤੇ ਦਿਨ ਆਪਣੇ ਬਿਆਨ ਵਿਚ ਸਾ: ਸਰਬਜੀਤ ਸਿੰਘ ਨੇ ਅਕਾਲੀ ਨੇਤਾ ਤੇ ਸਾਬਕਾ ਮੰਤਰੀ ਜਥੇਦਾਰ ਜੀਵਨ ਸਿੰਘ ਉਮਰਾ ਨੰਗਲ ਦੇ ਬਿਆਨ ਦੀ ਭਰਪੂਰ ਹਮ ਇਤ ਕੀਤੀ ਕਿ ਅੱਤਵਾਦੀਆਂ ਨੂੰ ਗੁਰਦਵਾਰਿਆਂ ਵਿਚੋਂ ਬਾਹਰ ਕਢਿਆ ਜਏ ਯੂਥ ਅਕਾਲੀ ਨੇਤਾ ਨੇ ਕਿਹਾ ਕਿ ਯੂਥ ਅਕਾਲੀ ਦਲ ਉਹਨਾਂ ਲੀਡਰਾਂ ਦੀ ਨਿਖੇਧੀ ਕਰੇਂਦਾ ਹੈ ਜਿਹੜੇ ਜਥੇਦਾਰ ਉਮਰਾਨੰਗਲ ਦੀ ਮੰਗ ਦਾ ਵਿਰੋਧ ਕਰਦੇ ਹਨ.

# ਸੀ. ਪੀ. ਐਮ. ਤੈਲਗੂ ਦੇਸ਼ਮ ਦੇ ਨਜ਼ਦੀਕ ਆਉਣ ਲੱਗੀ

ਕਲਕੱਤਾ—ਸਮਝਿਆ ਜਾ ਰਿਹਾ ਹੈ ਕਿ ਸੀ. ਪੀ. ਐਮ ਨੇ ਤੈਲਗੂ ਦੇਸਮ ਪਾਰਟੀ ਨਾਲ ਨਜ਼ਦੀਕੀ ਸਾਂਝ ਪਾਉਣ ਦਾ ਫੈਸਲਾ ਕਰ ਲਿਆ ਹੈ। ਭਰੋਸੇ ਯੋਗ ਸੂਤਰਾਂ ਅਨੁਸਾਰ ਸੀ. ਪੀ. ਐਮ ਦੀ ਕੇਂਦਰੀ ਕਮੇਟੀ ਦੀ ਬੈਠਕ ਵਿਚ ਸਿਆਸੀ ਹਾਲਾਤ ਖਾਸ ਕਰ ਦੱਖਣ ਵਿਚ ਹੋਈਆਂ ਚੋਣਾਂ ਦਾ ਜਾਇਜ਼ਾ ਲਿਆ ਗਿਆ। ਅਤੇ ਇਸ ਜਾਇਜ਼ੇ ਦੇ ਹਿੱਸੇ ਵਜੋਂ ਹੀ ਉਪਰੋਕਤ ਫੈਸਲਾ ਕੀਤਾ ਗਿਆ।

# AMBIKA

Sale

5125 Victoria D
B.C. C
Phone: 3

**Farine Atta** ਆਟਾ
**3.99 10 kg.**

**Vegetabl**
**2.99 3 lt**

**Almond**
ਬਦਾਮ
**1.75 lb.**

We reserve the right
to limit quantities —
Quantities until last.

2

**Chicken Legs**
**1.28 lb.** ਮੁਰਗੇ ਦੀਆਂ ਲੱਤਾਂ
per box

**Whole**
ਮੁਰਗਾ 9

**Cashew**
**3.29 lb.**
ਕਾਜੂ

**Amla Achar** ਔਲ
**Lotus Root P**

# FOODS

Sale

ive Vancouver,
nada
27-0295

Sale 1st to 10th April 1983

Oil
ਵੈਜੀਟੇਬਲ ਆਇਲ

Basmati Rice
69¢ lb. ਬਾਸਮਤੀ ਚਾਵਲ

ਗੰਢੇ Onion
5 lb. 2.89

All ਦਾਲਾਂ Daal
Special Sale

Pachranga can
1.99 ਪਚਰੰਗਾ ਆਚਾਰ
each

Chicken
9¢ lb. per box.

ਦਾ ਆਚਾਰ
ਅ
ckle

Haldi
79¢ lb.
ਹਲਦੀ

ਸੁਹਾਗਾ ਤਵਾਸੀਰ
ਠੀਕਰੀ ਨੁਸ਼ਾਦਰ ਚਵਨ ਪਰਾਸ਼
Suhaga Tabasir
Thikri Nushadar
Chawan Prash
Available Now

# "ਪੰਜਾਬ ਦਾ ਲੋਕ ਨਾਚ ਭੰਗੜਾ"

ਮੁਹਿੰਦਰ ਸੂਮਲ, ਵੈਨਕੂਵਰ



ਪੰਜਾਬੀ ਕਲਚਰਲ ਐਸੋਸੀਏਸ਼ਨ ਦੀ ਭੰਗੜੇ ਦੀ ਟੀਮ ਸਟੇਜ ਤੇ

ਪੰਜਾਬੀ ਸਭਿਅਤਾ ਮੂਲ ਵਿਚ ਕਿਰਸਾਨੀ ਹੈ। ਪੰਜਾਬੀਅਤਾਂ ਦੀ ਜਿੰਦ ਪਿੰਡਾਂ ਦੇ ਖੁਲ੍ਹੇ ਮਾਹੌਲ ਵਿਚ ਸਾਹ ਲੈਂਦੀ ਹੈ। ਇਸੇ ਤਰਾਂ ਇਨਾਂ ਦੇ ਲੋਕ ਨਾਚ ਵੀ ਬੜੇ ਖੁਲ੍ਹੇ ਤੇ ਕੁਦਰਤੀ ਹਨ। ਇਨਾਂ ਤੇ ਕਲਾਸਕੀ ਨਾਚਾਂ ਵਾਂਗ ਬਹੁਤੇ ਕਟੜੇ ਨੇਮ ਨਹੀਂ ਹਨ। ਸਭ ਤੋਂ ਵੱਡੀ ਗੱਲ ਇਨ੍ਹਾਂ ਨਾਚਾਂ ਨੂੰ ਕਿਸੇ ਵੀ ਧਰਮ ਦੀ ਲਪੇਟ ਨਹੀਂ, ਸਗੋਂ ਇਹ ਤਾਂ ਖੁਲ੍ਹੇ ਬੇਹੜਿਆਂ ਤੇ ਖੁਲ੍ਹੇ ਖੇਤਾਂ ਦੀ ਦੇਣ ਹਨ, ਇਨ੍ਹਾਂ ਵਿਚੋਂ ਭਰਪੂਰ ਖੇਤਾਂ ਦੀ ਜਵਾਨੀ, ਤੇ ਫਸਲਾਂ ਦੀ ਮਹਿਕ ਆਉਂਦੀ ਹੈ। ਜਿਸ ਤਰਾਂ ਸਿਆਣੇ ਆਖਦੇ ਹਨ, "ਜੇ ਕਿਸੇ ਕੌਮ ਦੀ ਪਛਾਣ ਕਰਨੀ ਹੋਵੇ ਤਾਂ ਇਸਦੇ ਲੋਕ ਨਾਚਾਂ ਤੋਂ ਕੀਤੀ ਜਾ ਸਕਦੀ ਹੈ।" ਇਹ ਗੱਲ ਪੰਜਾਬ ਦੇ ਲੋਕ ਨਾਚਾਂ ਉਪਰ ਠੀਕ ਢੁੱਕਦੀ ਹੈ। ਗਿੱਧੇ ਦਾ ਨਾਮ ਲੈਂਦਿਆਂ ਹੀ ਪੰਜਾਬ ਦੀ ਮੁਟਿਆਰ ਦਾ ਚੇਹਰਾ ਸਾਹਮਣੇ ਆ ਜਾਂਦਾ ਹੈ। ਇਸੇ ਤਰਾਂ ਜਦੋਂ ਕੋਈ ਭੰਗੜੇ ਦਾ ਨਾਮ ਲੈਂਦਾ ਤਾਂ ਪੰਜਾਬ ਦਾ ਅਲਬੇਲਾ ਗਭਰੂ ਬਾਹਵਾਂ ਲਹਿਰਾਂ ਵਾਂਗ ਉਛਾਲਦਾ ਅੱਖਾਂ ਸਾਹਮਣੇ ਆ ਜਾਂਦਾ ਹੈ।

ਪੰਜਾਬ ਦੇ ਲੋਕ ਨਾਚਾਂ ਵਿਚੋਂ ਸਭ ਤੋਂ ਹਰਮਨ ਪਿਆਰਾ ਨਾਚ ਭੰਗੜਾ ਹੈ। ਭੰਗੜਾ ਪੰਜਾਬੀਆਂ ਦਾ ਕੌਮੀ ਨਾਚ ਮੰਨਿਆ ਜਾਂਦਾ ਹੈ। ਇਸ ਨੂੰ ਨੱਚਣ ਲਈ ਤਕੜੇ ਜੁੱਸੇ ਦੀ ਲੋੜ ਹੈ, ਇਹ ਪੂਰੇ ਵੇਗ ਨਾਲ ਨੱਚਣ ਦੀ ਸ਼ਕਤੀ ਮੰਗਦਾ ਹੈ, ਇਸ ਪੱਖੋਂ ਭਾਰਤ ਦਾ ਹੋਰ ਕੋਈ ਵੀ ਨਾਚ ਇਸ ਦਾ ਮੁਕਾਬਲਾ ਨਹੀਂ ਕਰਦਾ, ਇਸ ਨੂੰ ਬਹੁਤ ਸਾਜ਼ਾਂ ਦੀ ਲੋੜ ਨਹੀਂ ਪੈਂਦੀ, ਸਗੋਂ ਇਕ ਢੋਲ ਦੇ ਤਾਲ ਨਾਲ ਹੀ ਨੱਚਿਆਂ ਜਾਂਦਾ ਹੈ।

ਇਸ ਨਾਚ ਦਾ ਮੁੱਢ ਪੰਜਾਬ ਦੀ ਕਿਰਸਾਨੀ ਸੰਸਕ੍ਰਿਤੀ ਜਿੰਨਾਂ ਹੀ ਪੁਰਾਣਾ ਹੈ, ਕੁਝ ਲੋਕ ਇਸ ਨੂੰ ਝੂੰਮਰ ਦਾ ਹੀ ਦੂਸਰਾ ਰੂਪ ਆਖਦੇ ਹਨ, ਝੂੰਮਰ ਲਹਿੰਦੇ ਪੰਜਾਬ ਦਾ ਪ੍ਰਸਿੱਧ ਨਾਚ ਹੈ। ਭੰਗੜੇ ਨੂੰ ਵਿਸਾਖੀ ਨਾਚ ਵੀ ਆਖਿਆ ਜਾਂਦਾ ਹੈ ਕਿਉਂਕਿ ਵਿਸਾਖ ਦੇ ਮਹੀਨੇ, ਜਦੋਂ ਜੱਟ ਦੇ ਬੀਜ਼ੇ ਹੋਏ ਖੇਤ ਸੋਨ ਸੁਨਿਹਰੀ ਕਣਕਾਂ ਦੇ ਸਿੱਟੇ ਆਪਸ ਵਿਚ ਟਕਰਾਉਂਦੇ ਹਨ ਤਾਂ ਜੱਟ ਦੀ ਖੁਸ਼ੀ ਦਾ ਪ੍ਰਗਟਾਵਾ ਵਿਸਾਖੀ ਦੇ ਮੇਲੇ ਤੇ ਇਕੱਠੇ ਭੰਗੜਾ ਪਾ ਕੇ ਕਰਦੇ ਹਨ। ਜਿਵੇਂ :—

ਕਣਕਾਂ ਦੇ ਮੂੰਹ ਆ ਗਈ ਲਾਲੀ
ਖੁਸ਼ੀਆਂ ਭਰੇ ਕਿਆਰੇ
ਜਿਉਂ ਗਿੱਧੇ ਵਿਚ ਨੱਚਣ ਕੁੜੀਆਂ
ਫਸਲਾਂ ਲੈਣ ਹੁਲਾਰੇ
ਭੰਗੜਾ ਪਾ ਮੁੰਡਿਆਂ
ਤੈਨੂੰ ਕਣਕਾਂ ਸੈਨਤਾਂ ਮਾਰੇ

ਇਸ ਵਕਤ ਭੰਗੜਾ ਸਿਰਫ ਪੰਜਾਬੀਆਂ ਦਾ ਹੀ ਨਹੀਂ ਸਗੋਂ ਹਿੰਦੁਸਤਾਨ ਦੇ ਲੋਕਾਂ ਦਾ ਹਰਮਨ ਪਿਆਰਾ ਨਾਚ ਮੰਨਿਆਂ ਜਾਂਦਾ ਹੈ। ਹੁਣ ਜਦੋਂ ਵੀ ਕਦੇ ਬਾਹਰਲੇ ਮੁਲਕਾਂ ਨੂੰ ਕਲਾਕਾਰਾਂ ਦੇ ਡੇਲੀਗੇਸ਼ਨ ਵੰਨ ਸਵੰਨੇ ਲੋਕ ਨਾਚ ਪੇਸ਼ ਕਰਨ ਆਉਂਦੇ ਹਨ ਤਾਂ ਭੰਗੜੇ ਨੂੰ ਵੀ ਪਹਿਲ ਦਿਤੀ ਜਾਂਦੀ ਹੈ। ਪਰ ਜੋ ਭੰਗੜਾ ਅੱਜ ਕੱਲ੍ਹ ਫਿਲਮਾਂ ਵਿਚ ਆ ਰਿਹਾ ਉਹ ਬਿਲਕੁਲ ਕਲਾ ਤੋਂ ਖਾਲੀ ਹੈ, ਆਪਣੀ ਸਾਦਗੀ ਤੇ ਪੰਜਾਬੀਆਂ ਦੇ ਸੁਭਾਅ ਤੋਂ ਬਿਲਕੁਲ ਵੱਖਰਾ ਪੇਸ਼ ਕੀਤਾ ਜਾਂਦਾ ਹੈ। ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣੇ ਸਭਿਆਚਾਰ, ਆਪਣੇ ਲੋਕ ਨਾਚ ਤੇ ਆਪਣੀ ਮਾਂ ਬੋਲੀ ਨੂੰ ਕਾਇਮ ਰੱਖਣ।

ਅਸੀਂ ਪੰਜਾਬ ਦੀ ਧਰਤੀ ਤੇ ਜੰਮੇ ਪਲੇ ਤੇ ਉਥੋਂ ਦਾ ਪਾਣੀ ਪੀਤਾ, ਪੰਜਾਬੀ ਸੁਭਾਅ ਸਾਡੇ ਅੰਗ ਸੰਗ ਵਿਚ ਵਸਿਆ ਹੋਇਆ ਸਾਡਾ ਕਲਚਰ ਸਾਡਾ ਅਨਿਖੜਵਾਂ ਅੰਗ ਬਣ ਚੁੱਕਾ ਹੈ। ਜਿਤਨੀ ਕਿਸੇ ਕੌਮ ਦੀ ਉਮਰ ਵਧਦੀ ਹੈ ਉਤਨੀ ਹੀ ਕੌਮ ਦੀ ਸਭਿਅਤਾ ਅਮੀਰ ਹੁੰਦੀ ਹੈ, ਕੀ ਇਹ ਗੱਲ ਸਾਡੀ ਪੰਜਾਬੀ ਕੌਮ ਉਪਰ ਢੁੱਕਦੀ ਹੈ, ਖਾਸ ਕਰ ਬਾਹਰ ਵਸਦੇ ਪੰਜਾਬੀਆਂ ਉਪਰ ਬਿਲਕੁਲ ਨਹੀਂ।

ਇਥੋਂ ਦੇ ਕਲਚਰਲ ਜਥੇਬੰਦੀਆਂ ਦਾ ਜ਼ਿਕਰ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ ਜਿਹੜੀਆਂ ਕਿ ਕਈ ਸਾਲਾਂ ਤੋਂ ਭਾਰਤੀ ਸਭਿਆਚਾਰ ਨੂੰ ਕਨੇਡੀਅਨ ਲੋਕਾਂ ਸਾਹਮਣੇ ਉਭਾਰ ਰਹੀਆਂ ਹਨ, ਪੰਜਾਬ ਕਲਚਰਲ ਐਸੋਸੀਏਸ਼ਨ ਵੈਨਕੂਵਰ ਅਤੇ ਸਰੀ ਇੰਡੀਆ ਆਰਟਸ ਕਲੱਬ, ਇਨ੍ਹਾਂ ਹੀ ਜਥੇਬੰਦੀਆਂ ਦਾ ਸਦਕਾ 1980 ਵਿਚ P.N.E. ਪਰੇਡ ਤੇ ਫਲੋਟ ਕੱਢਣ ਸਦਕਾ ਭਾਰਤੀ ਫਲੋਟ ਨੂੰ 1980 ਦੀ ਕਲਚਰਲ ਟਰਾਫੀ ਦਿੱਤੀ ਗਈ, ਪੰਜਾਬ ਕਲਚਰਲ ਐਸੋਸੀਏਸ਼ਨ ਕਈ ਸਾਲਾਂ ਤੋਂ 5-6 ਸਾਲ ਦੇ ਬੱਚਿਆਂ ਨੂੰ ਆਪਣੇ ਲੋਕ ਨਾਚ ਭੰਗੜੇ ਵਾਰੇ ਹਫਤੇ ਸਿਖਲਾਈ ਦਿੰਦੀ ਹੈ। ਇਸੇ ਤਰਾਂ ਹੁਣ ਸਰੀ ਇੰਡੀਆ ਆਰਟਸ ਕਲੱਬ ਵੀ ਛੋਟੇ ਛੋਟੇ ਬੱਚਿਆਂ ਨੂੰ ਭੰਗੜਾ ਸਿਖਾਲ ਰਹੀ ਹੈ।

ਕਈ ਸੱਜਣਾਂ ਦੀ ਸੋਚ ਹੈ ਕਿ ਜਦ ਮੁਲਕ ਹੀ ਛੱਡ ਕੇ ਆ ਗਏ ਤਾਂ ਫਿਰ ਕਲਚਰ ਦੀ ਕੀ ਲੋੜ ਹੈ। ਲੋਕ ਚੰਗਾ ਖਾਂਦੇ ਹਨ ਤੇ ਵਾਹਵਾ ਕਮਾਉਂਦੇ ਹਨ, ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਸਾਡਾ ਨਾਚ ਕੀ ਹੈ ਸਾਡੀ ਬੋਲੀ ਕੀ ਹੈ, ਉਨ੍ਹਾਂ ਨੂੰ ਪੰਜਾਬੀ ਸਾਹਿਤ ਤੇ ਸਭਿਆਚਾਰ ਨਾਲ ਕੋਈ ਵਾਸਤਾ ਨਹੀਂ।

ਸਮੇਂ ਦੀ ਨਬਜ਼ ਪਛਾਨਣੀ ਚਾਹੀਦੀ ਹੈ। ਵੈਸੇ ਤਾਂ ਪੰਜਾਬੀ ਆਪਣੇ ਆਪ ਨੂੰ ਬਹੁਤ ਉਚੀ ਸਖਸ਼ੀਅਤ ਦੇ ਮਾਲਕ ਸਮਝਦੇ ਹਨ, ਪਰ ਵਿਦੇਸ਼ਾਂ ਵਿਚ ਵਧਦੇ ਪੰਜਾਬੀ ਸਿਰਫ ਵਕਤ ਗੁਜ਼ਾਰਨ ਦਾ ਯਤਨ ਹੀ ਕਰ ਰਹੇ ਹਨ, ਆਉਣ ਵਾਲੇ ਸਮੇਂ ਲਈ ਕੁਝ ਨਹੀਂ ਸੋਚਿਆ ਜਾ ਰਿਹਾ ਸਗੋਂ ਕੌਮ ਦਿਨੋਂ ਦਿਨ ਫਿਰਕਾ ਪ੍ਰਸਤੀ ਦੀ ਸ਼ਕਲ ਵਿਚ ਫਸ ਰਹੀ ਹੈ, ਸਾਡੇ ਬੱਚਿਆਂ ਲਈ ਕੋਈ ਸਾਂਝੀ ਜਗ੍ਹਾ ਕਲਚਰਲ ਸੈਂਟਰ ਜਾਂ ਕਮਿਉਨਿਟੀ ਸੈਂਟਰ ਨਹੀਂ ਹੈ ਜਿਥੇ ਉਨ੍ਹਾਂ ਨੂੰ ਆਪਣੇ ਸਭਿਆਚਾਰ ਵਾਰੇ ਦੱਸਿਆ ਜਾ ਸਕੇ, ਆਪਣੇ ਪਿਛੋਕੜ ਵਾਰੇ ਉਨ੍ਹਾਂ ਨੂੰ ਜਾਣਕਾਰੀ ਦੇ ਸਕੀਏ।

# ਭੰਗੜਾ ਪਾਉਂਦੇ ਪੰਜਾਬੀ



ਪੰਜਾਬੀ ਕਲਚਰਲ ਐਸੋਸੀਏਸ਼ਨ—ਛੋਟੇ ਬੱਚਿਆਂ ਦੀ ਟੀਮ



ਇਕ ਛੇ ਸਾਲ ਦਾ ਬੱਚਾ—ਪਰੀਤਪਾਲ



ਸਰੀ ਇੰਡੀਆ ਆਰਟਸ ਕਲੱਬ



ਬੁੱਢੇ ਵੀ ਭੰਗੜਾ ਪਾਉਂਦੇ ਹਨ


JIM PATTISON Pontiac Buick GMC TRUCKS

# JIM PATTISON ON MAIN

SERVICE AFTER SALE



ਵਿਸਾਖੀ ਮੁਬਾਰਕ

ਨਵੀਆਂ ਅਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ,
ਟਰੱਕ, ਵੈਨਾਂ ਅਤੇ 4×4 ਕਿਸੇ ਲੈਣ ਲਈ ਬੁਲਾਣੇ ਜਾਣੇ
ਪਹਿਚਾਣੇ ਸੇਲਜ਼ਮੈਨ ਨੂੰ ਮਿਲੋ ਜਾਂ ਫੂੰਨ ਕਰੋ

GM

PARLAD GILL



BUS. 879-4233 3434 MAIN ST. VANCOUVER, B.C. RES. 435-1834

# ਉਜੱਲ ਦੁਸਾਂਝ ਦਾ ਸ਼੍ਰੀਮਤੀ ਇੰਦਰਾਂ ਗਾਂਧੀ ਦੇ ਨਾਂ ਖਤ

March 11, 1983

Mrs. Indira Gandhi
Prime Minister of India
South Block
Parliment Buildings
New Delhi, India

Dear Madam:

Re: Foreign Exchange Regulation Act (1973) and Indians Settled Abroad

Further to our letter dated February 11, 1983, we have been advised by government sources that the Reserve Bank of India shall favourably consider the question of properties in India inherited by Indians turned foreign citizens settled abroad. This is a welcome explnation of the existing policy of the Reserve Bank of India. However, as you are well aware, the policy is not law and as long as the law is not changed, the policyexplanations are meaningless We believe that the problems faced by the Indians settled abroad can only be resolved by a general amendment to Section 31 of the Act, exempting the Indians settled abroad turned foreign citizens from the application of the said section.

We have been further informed that Section 31 of the Foreign Exchange Regulations Act was enacted to deal with the problem of the absentee landlordism. We believe that insofar as our lands are concerned, a vigorous and proper application of the land ceiling laws presently on the statute books deal with that aspect of the matter. At any rate, we are not landlords. We are simply absentees living abroad under "self-imposed exile".

We believe that the Foreign Exchange Regulation Act (1973) is a law which is of paramount importance to the interests of India. We further understand that it was and is intended to protect the movable and immovable wealth of India from black-marketeers, smugglers, foreign multi-nationals and foreigners. We, being Indians turned foreign citizens settled abroad, ought to be treated somewhat differently from the black-marketeers, smugglers, foreign multi-nationals and foreigners.

The explanation put forth by the Reserve Bank of India indicates to us that this law applies to all foreign nationals without discrimination. We feel that by bot making a special provision for exempting us from the application of Section 31, we are, in fact, being discriminated in that we are being treated in the same manner as black-marketers, smugglers, foreign multi-nationals and foreigners.

As your are no doubt aware, we are extremely conscious of our sense of attachment to and concern for India and Section 31 of the Act, if not amended to exempt us from its application, shall deal a severe blow to our natural and eternal connection with India. Therefore, while recognizing that the true intent of the Act as a whole and, more particularly, Section 31 of the same, is to protect the national wealth of India from foreign control, we ask to be treated as Indians and thereby exempt from the application of Section 31 of the Act. In other words, we feel that Indians turned foreign citizens settled abroad or their descendants should be exempt from the application of Section 31 so that in inheriting, purchasing, selling or dealing with the immovable property in India in any other way, we are not made to require the permission of the Reserve Bank of India.

We are extremely concerned about this particular issue and we ask that it be given your attention.

Sincerely yours,
Ujjal Dosanjh,
Spokesperson, Land Law Action Committee

UD/slm
cc: The Consulate-General of India
The High Commissioner of India
The Political Parties
The Press

# ਲੈਂਡ ਲਾਅ ਐਕਸ਼ਨ ਕਮੇਟੀ ਤੋਂ ਸ਼੍ਰੀ ਉਜੱਲ ਦੁਸਾਂਝ ਮੁਸਤਫ਼ੀ

ਉਜੱਲ ਦੁਸਾਂਝ

ਮੈਂ ਬੜੀ ਸੋਚ ਵਿਚਾਰ ਤੋਂ ਬਾਅਦ ਇਸ ਸਿੱਟੇ ਤੇ ਪੁੱਜਾ ਹਾਂ ਕਿ ਮੈਨੂੰ Land Law Action Committee ਦੇ ਬੁਲਾਰੇ ਦੀ ਪਦਵੀ ਤੋਂ ਅਸਤੀਫਾ ਦੇ ਦੇਣਾ ਚਾਹੀਦਾ ਹੈ। ਕਮਿਊਨਿਟੀ ਦੇ ਕੰਮ ਵਿਚ ਪਦਵੀਆਂ ਨੂੰ ਜੱਫਾ ਨਹੀਂ ਮਾਰਨਾ ਚਾਹੀਦਾ ਹੈ। ਕਮੇਟੀ ਬਣਦੇ ਸਮੇਂ ਮੇਰਾ ਇਹ ਵਾਅਦਾ ਸੀ ਕਿ ਜੇ ਕਰ ਸਾਰੇ ਗੁਰਦੁਆਰੇ ਇਕੱਠੇ ਹੋ ਕੇ ਤੁਰਦੇ ਰਹਿਣਗੇ- ਤਾਂ ਮੈਂ ਕਮੇਟੀ ਦੇ ਨਾਲ ਹਰ ਸੇਵਾ ਕਰਨ ਲਈ ਤਤਪਰ ਰਹਾਂਗਾ। ਜੇ ਐਸਾ ਨਾ ਹੋ ਸਕਿਆ ਤਾਂ ਮੈਂ ਕਮੇਟੀ ਦੇ ਬੁਲਾਰੇ ਦੇ ਤੌਰ ਪੁਰ ਕੰਮ ਜਾਰੀ ਨਹੀਂ ਰੱਖਾਂਗਾ। ਨਾਲ ਹੀ ਇਹ ਭੀ ਵਾਅਦਾ ਸੀ ਕਿ ਕਮੇਟੀ ਨੂੰ ਵੱਡੀ ਬਣਨਾ ਚਾਹੀਦਾ ਹੈ। ਕਮੇਟੀ ਨੂੰ ਵੱਡੀ ਬਣਾਉਣ ਵਿਚ ਕਈ ਕਦਮ ਪੁੱਟੇ ਜਾ ਚੁਕੇ ਹਨ। ਕਮੇਟੀ ਦੇ expand ਹੋਣ ਪੁਰ ਉਸ ਲਈ ਨਵਾਂ ਬੁਲਾਰਾ ਚੁਣਿਆ ਜਾਣਾ ਚਾਹੀਦਾ ਹੈ ਅਤੇ ਇਹ ਭੀ ਗੱਲ ਸਾਫ ਜ਼ਾਹਿਰ ਹੈ ਕਿ ਸਾਰੇ ਗੁਰਦੁਆਰੇ ਇਸ ਮਸਲੇ ਪੁਰ ਇਕੱਠੇ ਨਹੀਂ ਰਹਿ ਸਕੇ।

ਮੈਂ ਅੱਜ 21 ਮਾਰਚ 1983 ਤੋਂ ਕਮੇਟੀ ਦੇ ਬੁਲਾਰੇ ਦੀ ਪਦਵੀ ਤੋਂ ਅਸਤੀਫਾ ਦੇ ਰਿਹਾ ਹਾਂ। ਮੈਂ ਗੁਰਦੁਆਰਿਆਂ ਦੇ ਪ੍ਰਤੀਨਿਧਾਂ ਅਤੇ ਲੋਕਾਂ ਤੋਂ ਖਿਮਾ ਦਾ ਜਾਚਕ ਹਾਂ ਕਿ ਇਹਨਾਂ ਕਾਰਨਾਂ ਕਰਕੇ ਇਸ ਪਦਵੀ ਦੀਆਂ ਜ਼ਿਮੇਵਾਰੀਆਂ ਮੈਂ ਅੱਗੇ ਤੋਂ ਨਹੀਂ ਨਿਭਾ ਸਕਾਂਗਾ। ਉਹਨਾਂ ਵਲੋਂ ਦਿਤੇ ਨਿੱਘੇ ਸਹਿਯੋਗ ਅਤੇ ਮਾਣ ਦਾ ਮੈਂ ਅਤੀ ਧੰਨਵਾਦੀ ਹਾਂ।

ਇਸ ਕਮੇਟੀ ਵਲੋਂ ਚਲਾਈ ਗਈ ਨਾ-ਤਾਮੀਲੀ ਲਹਿਰ ਦਾ ਸਦਕਾ ਜ਼ਮੀਨਾਂ ਦਾ ਮਸਲਾ ਲੋਕਾਂ ਦੇ ਸਾਹਮਣੇ ਇਕ ਅਹਿਮ ਮਸਲਾ ਬਣ ਕੇ ਪੇਸ਼ ਹੋਇਆ ਹੈ। ਇਸ ਸਾਰੇ ਉਦਮ ਦਾ ਸਿਹਰਾ ਆਮ ਲੋਕਾਂ ਅਤੇ ਗੁਰਦੁਆਰਿਆਂ ਦੇ ਸਿਰ ਹੈ। ਆਪਾਂ ਸਾਰੇ ਹੀ ਇਸ ਮਸਲੇ ਪੁਰ ਸਾਂਝੀ ਜਿੱਤ ਪ੍ਰਾਪਤ ਕਰਨ ਲਈ ਤਤਪਰ ਹਾਂ।

ਮੈਂ ਇਹ ਨਹੀਂ ਚਾਹੁੰਦਾ ਕਿ ਇਸ ਮਸਲੇ ਪੁਰ ਹਿੰਦੁਸਤਾਨ ਦੀ ਸਰਕਾਰ ਨਾਲ ਜਦੋਜਹਿਦ ਕਰਨ ਦੀ ਬਜਾਇ ਅਸੀਂ ਇਥੇ ਆਪਸ ਵਿਚ ਝਗੜੀ ਜਾਈਏ। ਹੋ ਸਕਦਾ ਹੈ ਮੇਰੇ ਅਸਤੀਫੇ ਨਾਲ ਉਸ ਭੈੜੀ ਰਵਾਇਤ ਦੇ ਦੁਹਰਾਏ ਜਾਣ ਤੋਂ ਬਚ ਜਾਈਏ। ਜਿਸ ਸਦਕਾ ਸਾਡੀ ਪਰੈਸ ਦੇ ਸਫੇ ਬੇਬੁਨਿਆਦ ਇਲਜ਼ਾਮਾਂ ਅਤੇ ਜਾਤੀ ਹਮਲਿਆਂ ਨਾਲ ਕਾਲੇ ਹੁੰਦੇ ਆ ਰਹੇ ਹਨ।

ਮੇਰੀ ਇਹ ਦਿਲੀ ਇੱਛਾ ਹੈ ਕਿ ਅਸੀਂ ਆਪਣੇ ਹੱਕ ਭਾਰਤ ਸਰਕਾਰ ਤੋਂ ਲੈਣ ਵਿਚ ਕਾਮਯਾਬੀ ਹਾਸਲ ਕਰ ਸਕੀਏ। ਇਸ ਦੇ ਰਾਹ ਵਿਚ ਕੋਈ ਰੋੜਾ ਨਹੀਂ ਅਟਕਣਾ ਚਾਹੀਦਾ। ਸੱਚ ਅਤੇ ਦਿਆਨਤਦਾਰੀਨਾਲ ਸਾਨੂੰ ਅੱਗੇ ਵਧਣਾ ਚਾਹੀਦਾ ਹੈ। ਇਹ ਚੰਗਾ ਹੋਵੇਗਾ ਜੇ ਅਸੀਂ ਆਪਣੇ ਆਪ ਗੁੱਸੇ ਨੂੰ ਨਿਗਰ ਕੰਮਾਂ ਲਈ ਵਰਤੀਏ। ਇਕ ਦੂਸਰੇ ਦੇ ਖਿਲਾਫ ਜ਼ਹਿਰ ਉਗਲਣ ਦੀ ਬਜਾਇ ਖਿਆਲਾਂ ਦੀ ਲੜਾਈ ਸੁਚੱਜੇ ਤਰੀਕੇ ਨਾਲ ਲੜੀਏ ਤਾਂ ਵੱਖਰੇ ਵੱਖਰੇ ਵਿਚਾਰਾਂ ਦੇ ਹਾਮੀ ਹੁੰਦੇ ਭੀ ਮਿੱਤਰ-ਮਨੁੱਖ ਹੀ ਰਹੀਏ।

ਸਾਂਝਾ ਕੰਮ ਕਰਦਿਆਂ ਮਨੁੱਖ ਤੋਂ ਕਈ ਦਫਾ ਅਣਜਾਣੇ ਹੀ ਗਲਤੀਆਂ ਹੋ ਜਾਂਦੀਆਂ ਹਨ। ਜੇ ਇੰਝ ਮੈਥੋਂ ਹੋਇਆ ਹੋਵੇ ਤਾਂ ਲੋਕ-ਅਦਾਲਤ ਤੋਂ ਮੁਆਫੀ ਦੀ ਪ੍ਰਾਰਥਨਾ ਕਰਦਾ ਹਾਂ। ਥੋੜੇ ਦਿਨ ਹੋਏ ਪਤਾ ਲੱਗਾ ਸੀ ਕਿ ਸਰਕਾਰ ਜ਼ਮੀਨਾਂ ਦੇ ਮਸਲੇ ਪੁਰ ਗੰਭੀਰ ਵਿਚਾਰ ਕਰ ਰਹੀ ਹੈ। ਅਤੇ ਕਾਨੂੰਨ 'ਚ ਤਰਮੀਮ ਕਰਨ ਦੀ ਵਿਚਾਰ ਕੀਤੀ ਜਾ ਰਹੀ ਹੈ। ਮੈਨੂੰ ਯਕੀਨ ਹੈ ਕਿ ਆਪਾਂ ਸਮੁੱਚੇ ਤੌਰ ਤੇ ਹੰਭਲਾ ਮਾਰੀਏ ਤਾਂ ਨਿਰਸੰਦੇਹ ਕਾਮਯਾਬੀ ਹਾਸਲ ਹੋਵੇਗੀ। ਮੈਂ ਨਿਗੁਣਾ ਜੋ ਭੀ ਸੇਵਾ ਕਰ ਸਕਦਾ ਹੋਵਾਂ, ਕਿਸੇ ਵੀ ਸੰਸਥਾ ਜਾਂ ਕਮੇਟੀ ਨਾਲ, ਹਾਜ਼ਰ ਹਾਂ। ਪਰ ਸਿਰਫ ਇਕ ਸਧਾਰਣ ਕਾਮੇ ਦੇ ਤੌਰ ਤੇ, ਬੁਲਾਰੇ ਦੇ ਤੌਰ ਤੇ ਨਹੀਂ।

ਅੰਤ ਵਿਚ ਫਿਰ ਮੈਂ ਇਹੀ ਕਹਾਂਗਾ ਕਿ ਮੈਂ ਰਿਣੀ ਹਾਂ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕਾਂ ਅਤੇ ਲੋਕਾਂ ਦਾ ਜਿਹਨਾਂ ਨੇ ਮੈਨੂੰ ਨਿੱਘ, ਸਹਿਯੋਗ ਅਤੇ ਮਾਣ ਦਿਤਾ-ਸੇਵਾ ਦਾ ਮੌਕਾ ਦਿਤਾ। ਲੋਕ ਸੇਵਾ ਕਰਨ ਲਈ ਨਾਲ ਹੀ ਜ਼ਿੰਦਗੀ ਜੀਊਣ ਯੋਗ ਬਣਦੀ ਹੈ। ਆਪਣੇ ਵਿਤ ਮੁਤਾਬਿਕ ਸਾਨੂੰ ਸਾਰਿਆਂ ਨੂੰ ਸਦਾ ਹੀ ਸਾਂਝੇ ਕੰਮਾਂ ਵਿਚ ਜੁਟੇ ਰਹਿਣਾ ਚਾਹੀਦਾ ਹੈ।

ਪੰਜਾਬੀ, ਹਿੰਦੀ ਨਾਵਲ, ਕਹਾਣੀਆਂ, ਕਵਿਤਾਵਾਂ ਤੇ
ਆਮ ਵਾਕਫੀ ਦੀਆਂ ਪੁਸਤਕਾਂ ਲਈ ਵੈਨਕੂਵਰ ਦੀ
ਇਕੋ ਇਕ ਦੁਕਾਨ
ਏਸ਼ੀਆ ਬੁੱਕ ਕੰਪਨੀ

BUYING SELLING TRADING
Any Kind Of Real Estate Property
CONTACT
JAS MANGAT
• BUYING
• TRADING
• FARMS
• SELLING
• COMMERCIAL
• INDUSTRIAL
ਵਿਸਾਖੀ ਮੁਬਾਰਕ
Bus: 324-1034
Res: 876-1629
CATHAY PACIFIC
REALTY LTD.
5052 Victoria Dr., Vancouver

ਜਗਦੀਸ਼ ਸਿੰਘ
ਨੋਟਰੀ ਪਬਲਿਕ
ਬੀ. ਏ. ਐਲ. ਐਲ. ਬੀ (ਪੀ.ਯੂ.)
ਵਿਸਾਖੀ ਮੁਬਾਰਕ

ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)
ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—
• ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
• ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
• ਪਾਸਪੋਰਟ ਨਾਂ ਦੀ ਤਬਦੀਲੀ
ਅਤੇ ਇਮੀਗਰੇਸ਼ਨ
ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ
7-4857 Kingsway (Opp. Sears) Burnaby, B.C. V5H 2C8
PHONE—Off. 433-8366
Res. 324-4160
ਸਮਾਂ : ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ (ਦਫਤਰ ਸ਼ਨਿਚਰਵਾਰ ਖੁਲ੍ਹਾ ਰਹਿੰਦਾ ਹੈ)

## 'ਬਾਹਰੋਂ ਆਇਆ ਆਦਮੀ'–ਇਕ ਅਧਿਐਨ

○

ਦਰਸ਼ਨ ਗਿੱਲ—

'ਬਾਹਰੋਂ ਆਇਆ ਆਦਮੀ' ਅਮਰਜੀਤ ਚਾਹਲ ਦਾ ਕੈਨੇਡਾ ਵਿਚ ਵਸਦੇ ਪੰਜਾਬੀਆਂ ਦੇ ਜੀਵਨ-ਸੱਚ ਨੂੰ ਰੂਪ-ਮਾਨ ਕਰਦਾ, ਪਹਿਲਾ ਕਹਾਣੀ-ਸੰਗ੍ਰਹਿ ਹੈ। ਇਹ ਕਹਾਣੀ-ਸੰਗ੍ਰਹਿ ਅਮਰਜੀਤ ਦਾ ਪਹਿਲਾ ਹੀ ਨਹੀਂ, ਸਗੋਂ ਕੈਨੇਡਾ ਵਿਚ ਪਹਿਲਾ ਪੰਜਾਬੀ ਕਹਾਣੀ-ਸੰਗ੍ਰਹਿ ਹੈ ਜੋ ਕੈਨੇਡਾ ਦੇ ਪੰਜਾਬੀ ਜੀਵਨ ਨੂੰ ਚਿਤਰਦਾ ਹੈ—ਇਸ ਲਈ ਇਹ ਉਚੇਚੀ ਪੋਖਣੀ ਦੀ ਮੰਗ ਕਰਦਾ ਹੈ। ਕੈਨੇਡਾ ਵਿਚ ਉਂਗਲਾਂ ਤੇ ਗਿਣੇ ਜਾਣ ਵਾਲੇ ਪੰਜਾਬੀ ਕਹਾਣੀਕਾਰ ਹਨ—ਜਿਨ੍ਹਾਂ ਵਿਚੋਂ ਕਈ ਕੈਨੇਡਾ ਵਿਚ ਬੈਠੇ ਵੀ ਪੰਜਾਬ ਦੀਆਂ ਸਮਾਜਕ ਤੇ ਆਰਥਕ ਸਮੱਸਿਆਵਾਂ ਬਾਰੇ ਲਿਖ ਰਹੇ ਹਨ—ਤੇ ਕਈ ਜੋ ਕੈਨੇਡਾ ਵਿਚਲੀਆਂ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਕਲਮ-ਬੱਧ ਕਰਦੇ ਵੀ ਹਨ ਤਾਂ ਉਨ੍ਹਾਂ ਦੀਆਂ ਰਚਨਾਵਾਂ ਅਜੇ ਏਨੀਆਂ ਸਤ੍ਹਈ ਪੱਧਰ ਦੀਆਂ ਤੇ ਕੱਚ-ਘਰੜ ਹਨ ਕਿ ਉਨ੍ਹਾਂ ਦੀ ਸਾਹਿਤਕ ਵਿਸ਼ੇਸ਼ਤਾ ਬਾਰੇ ਕੋਈ ਰਾਇ ਬਨਾਉਣਾ ਮੁਸ਼ਕਲ ਹੈ। ਇਸ ਲਈ ਅਮਰਜੀਤ ਦੇ ਕਹਾਣੀ-ਸੰਗ੍ਰਹਿ 'ਬਾਹਰੋਂ ਆਇਆ ਆਦਮੀ' ਦਾ ਅਧਿਐਨ ਹੋਰ ਵੀ ਦਿਲ-ਚਸਪ ਹੋ ਜਾਂਦਾ ਹੈ।

ਅਮਰਜੀਤ ਚਾਹਲ ਦੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਕੈਨੇਡਾ ਵਿਚ ਵਿਚਰ ਰਿਹਾ ਪੰਜਾਬੀ ਹੈ। ਜਰਨੈਲ ਸਿੰਘ ਦੇ ਕਥਨ ਅਨੁਸਾਰ 'ਜਦ ਤਕ ਕੈਨੇਡਾ ਅੰਦਰ ਰਚਿਆ ਜਾਂਦਾ ਪੰਜਾਬੀ ਸਾਹਿਤ ਇਥੋਂ ਦੀ ਸਮੁਚੀ ਜ਼ਿੰਦਗੀ ਨੂੰ ਕਲਾਵੇ ਵਿਚ ਨਹੀਂ ਲੈਂਦਾ ਤਦ ਤਕ ਇਹ ਕੈਨੇਡਾ ਵਿਚ ਪੰਜਾਬੀਆਂ ਦਾ ਸਾਹਿਤ ਹੀ ਰਹੇਗਾ'—ਮੈਨੂੰ ਜਰਨੈਲ ਸਿੰਘ ਦੇ ਇਸ ਕਥਨ ਤੇ ਕੋਈ ਆਪੱਤੀ ਨਹੀਂ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਜਿਸ ਸਮਾਜਕ, ਆਰਥਕ ਤੇ ਸਭਿਆਚਾਰਕ ਪਿਛੋਕੜ ਵਿਚੋਂ ਪੰਜਾਬੀ ਕੈਨੇਡਾ ਵਿਚ ਆਏ ਹਨ—ਕੀ ਉਹ ਪਿਛੋਕੜ ਏਡੇ ਸਹਿਜ ਢੰਗ ਨਾਲ ਤਿਆਗਿਆ ਜਾ ਸਕਦਾ ਹੈ ਜਾਂ ਜਦੋਂ ਅਸੀਂ ਆਪਣੇ ਪੰਜਾਬੀ ਵਿਰਸੇ ਦੀ ਗੱਲ ਕਰਦੇ ਹਾਂ ਤਾਂ ਕੀ ਉਨ੍ਹਾਂ ਭਾਵਨਾਵਾਂ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੋ ਸਾਡੀ ਰਗ ਰਗ ਵਿਚ ਸਮਾਈਆਂ ਹਨ। ਮੈਨੂੰ ਅਮਰਜੀਤ ਦੀ ਇਹ ਸਭ ਤੋਂ ਵੱਡੀ ਪ੍ਰਾਪਤੀ ਦਿਸਦੀ ਹੈ ਕਿ ਉਹ ਇਸ ਪਿਛੋਕੜ ਦੀ ਧਰਾਤਲ ਉਤੇ ਆਪਣੀ ਕਹਾਣੀ ਦੀ ਸਿਰਜਣਾ ਕਰਦਾ ਹੈ। ਜਿਸ ਮਧ-ਵਰਗੀ ਜੀਵਨ ਵਿਚੋਂ ਉਹ ਆਪਣਾ ਵਿਸ਼ਾ ਵਸਤੂ ਲੈਂਦਾ ਹੈ, ਉਹ ਉਸਦੇ ਜੀਵਨ-ਅਨੁਭਵ ਦਾ ਅਟੁੱਟ ਅੰਗ ਹੈ। ਤੇ ਕੋਈ ਵੀ ਸਾਹਿਤਕਾਰ ਜਦੋਂ ਆਪਣੇ ਜੀਵਨ-ਅਨੁਭਵ ਨੂੰ ਤਿਆਗ ਕੇ ਪਰਾਈ ਐਨਕ ਨਾਲ ਵੇਖਦਾ ਹੈ ਤਾਂ ਉਹ ਜੀਵਨ ਦੇ ਸੱਚ ਨੂੰ ਰੂਪਮਾਨ ਨਹੀਂ ਕਰ ਰਿਹਾ ਹੁੰਦਾ। ਵਿਸ਼ੇ ਵਸਤੂ ਦੀ ਚੋਣ ਸਾਹਿਤਕਾਰ ਦੀ ਆਪਣੀ ਹੁੰਦੀ ਹੈ। ਰਸੂਲ ਹਮਜ਼ਾਤੋਵ ਦੇ ਸ਼ਬਦਾਂ ਵਿਚ 'ਹਰ ਪੰਛੀ ਦੀ ਆਪਣੀ ਜਨਮ-ਭੂਮੀ ਹੁੰਦੀ ਹੈ, ਆਪਣਾ ਵਿਸ਼ਾ ਹੁੰਦਾ ਹੈ। ਹਰ ਲੇਖਕ ਦਾ ਆਪਣਾ ਖੇਤ ਹੁੰਦਾ ਹੈ ਤੇ ਆਪਣਾ ਹੀ ਸਿਆੜ ਹੁੰਦਾ ਹੈ, ਭਾਵੇਂ ਇਹ ਕਿੰਨਾ ਵੀ ਤੰਗ ਕਿਉਂ ਨਾ ਹੋਵੇ।' ਅਮਰਜੀਤ ਦੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਉਹ ਮਧ-ਵਰਗੀ ਕਿਰਸਾਨੀ ਹੈ—ਜੋ ਪੰਜਾਬ ਵਿਚ ਦਿਨੋਂ ਦਿਨ ਟੁੱਟ ਭਜ ਰਹੀ ਹੈ ਤੇ ਆਪਣੀ ਨਿਜਾਤ ਇਸ ਵਿਚ ਲੱਭਦੀ ਹੈ ਕਿ ਕਿਵੇਂ ਨਾ ਕਿਵੇਂ ਖੁਸ਼ਹਾਲ ਦੇਸ਼ਾਂ ਵਿਚ ਪ੍ਰਜ ਕੇ ਆਪਣੀ ਆਰਥਕ ਦਸ਼ਾ ਨੂੰ ਠੁੰਮਣਾ ਦੇ ਸਕੇ—ਤੇ ਜਦੋਂ ਉਹ ਖੁਸ਼ਹਾਲ ਦੇਸ਼ਾਂ ਵਿਚ ਆਰਥਕ ਪੱਖੋਂ ਤਾਂ ਸੁਰਖਿਅਤ ਹੋ ਜਾਂਦੀ ਹੈ ਪਰ ਪਿਛਲੀਆਂ ਸਮਾਜਕ ਤੇ ਸਭਿਆ-ਚਾਰਕ ਕੀਮਤਾਂ ਨਾਲੋਂ ਟੁਟਣ ਦੀ ਪ੍ਰਕਿਰਿਆ ਵਿਚ ਉਹ ਵਿਚ ਵਿਚਕਾਰ ਡੋਲੇ ਖਾਣ ਲਗਦੀ ਹੈ। ਫਿਰ ਉਸਦੀ ਹੈਮਲੈਟ ਵਰਗੀ ਹਾਲਤ ਹੁੰਦੀ ਹੈ—'To be or not to be' ਤੇ ਕੈਨੇਡਾ ਵਿਚ ਅਜੋਕੇ ਪੰਜਾਬੀਆਂ ਦੇ ਜੀਵਨ ਦੀ ਸਭ ਤੋਂ ਵੱਡੀ ਸਮੱਸਿਆ ਬਣ ਖਲੋਂਦੀ ਹੈ।

ਦੂਜੀ ਸਮੱਸਿਆ ਇਕ ਅਜਨਬੀ ਸਭਿਆਚਾਰ ਨੂੰ ਅਪਨਾਉਣ ਦੀ ਹੈ। ਪੰਜਾਬ ਵਿਚੋਂ ਆਈ ਮਧ-ਵਰਗੀ ਕਿਰਸਾਨੀ ਵਿਚ ਬਹੁਤੀ ਗਿਣਤੀ ਅਨਪੜ੍ਹ ਜਾਂ ਅਧ-ਪੜ੍ਹੇ ਲੋਕਾਂ ਦੀ ਹੈ। ਉਹ ਜਿਹੋ ਜਿਹਾ ਸਭਿਆਚਾਰ ਹੰਢਾਉਂਦੇ ਆਏ ਹਨ, ਜੋ ਸਦਾਚਾਰਕ ਨੈਤਿਕ ਕੀਮਤਾਂ ਉਨ੍ਹਾਂ ਦੇ ਮਨਾਂ ਵਿਚ ਘਰ ਕਰ ਚੁਕੀਆਂ ਹਨ—ਜਦੋਂ ਉਹ ਉਨ੍ਹਾਂ ਨੂੰ ਟੁਟਦੇ ਭੱਜਦੇ, ਡੋਲਦੇ ਤੇ ਖੁਰਦੇ ਤੱਕਦੇ ਹਨ ਤਾਂ ਉਨ੍ਹਾਂ ਦੀ ਮਾਨਸਕ ਦਸ਼ਾ ਹੋਰ ਵੀ ਡਾਵਾਂ ਡੋਲ ਹੁੰਦੀ ਹੈ। ਕੈਨੇਡਾ ਵਿਚ ਵਿਚਰਦੇ ਬਹੁ-ਗਿਣਤੀ ਪੰਜਾਬੀਆਂ ਦੀ ਮਾਨਸਕ ਹਾਲਤ ਤਰਸਯੋਗ ਹੈ। ਇਸ ਨੂੰ ਤਰਸਯੋਗ ਕਹਿਣਾ ਭਾਵੇਂ ਆਪਣੇ ਆਪ ਨਾਲ ਅਨਿਆਂ ਕਰਨ ਵਾਲੀ ਗੱਲ ਜਾਪਦੀ ਹੈ—ਪਰ ਇਹ ਪਰਤੱਖ ਸਚਾਈ ਹੈ।

ਅਮਰਜੀਤ ਦੀਆਂ ਕਹਾਣੀਆਂ 'ਅਹਿਸਾਸ' ਤੇ 'ਆਖ਼ਰੀ ਦਿਨ' ਵਿਸ਼ੇ ਵਸਤੂ ਦੀ ਚੋਣ ਪੱਖੋਂ ਉੱਤਮ ਕਹਾਣੀਆਂ ਵਿਚ ਗਿਣੀਆਂ ਜਾਣ ਵਾਲੀਆਂ ਹਨ। ਸਰਦੂਲ ਸਿੰਘ ਤੇ ਨਸੀਬ ਕੌਰ ਅਜਿਹੇ ਪਾਤਰ ਹਨ ਜੋ ਕੈਨੇਡਾ ਵਿਚ ਆਰਥਕ ਪੱਖੋਂ ਮਜ਼ਬੂਤ ਹੋਣ ਦੀ ਲਾਲਸਾ ਵਿਚ ਆਪਣੀ ਬਲੀ ਦਿੰਦੇ ਹਨ—ਆਪਣੀ ਉਲਾਦ ਨੂੰ ਆਰਥਕ ਪੱਖੋਂ ਸੁਰਖ਼ਿਅਤ ਕਰਨ ਲਈ ਕੁਰਬਾਨੀ ਦੇ ਬੱਕਰੇ ਬਣਦੇ ਹਨ। ਅਜਿਹੇ ਪਾਤਰ ਫ਼ਾਰਮਾਂ ਵਿਚ ਆਮ ਮਿਲਦੇ ਹਨ। 'ਅਹਿਸਾਸ' ਦਾ ਵਿਸ਼ਾ ਵਸਤੂ ਇਸ ਤੋਂ ਵੀ ਤੀਖਣ, ਸੂਝ ਭਰਪੂਰ ਅਤੇ ਬੋਧਿਕ ਹੈ। ਇਹ ਕਹਾਣੀ ਤਿੰਨਾਂ ਪੀੜ੍ਹੀਆਂ ਦੇ ਸੰਕਟ ਨੂੰ ਆਪਣੇ ਆਪ ਵਿਚ ਸਮੇਟੀ ਬੈਠੀ ਹੈ ਤੇ ਇਸ ਕਹਾਣੀ ਦਾ ਅੰਤ ਤੀਜੀ ਪੀੜ੍ਹੀ ਦੀ ਵਿਦਰੋਹੀ ਸੁਰ ਵਿਚ ਮੂਰਤੀਮਾਨ ਹੁੰਦਾ ਹੈ। ਇਹ ਕਹਾਣੀ ਇਸ ਸੰਗ੍ਰਹਿ ਦੀ ਸਭ ਤੋਂ ਸ਼ਕਤੀ-ਸ਼ਾਲੀ ਕਹਾਣੀ ਹੈ। 'ਦੋ ਰਫ਼ਲਾਂ ਦਾ ਕਰਾਸ' ਆਪਣੀ ਕਿਸਮ ਦੀ ਕਹਾਣੀ ਹੈ ਜਿਸ ਵਿਚ ਪੜ੍ਹਿਆ ਲਿਖਿਆ ਪਾਤਰ ਗੁਰਪ੍ਰੀਤ ਕੈਨੇਡੀਅਨ ਸਭਿਆਚਾਰ ਦੀ ਨਕਲ ਕਰਨਾ ਚਾਹੁੰਦਾ ਹੈ ਤੇ ਆਪਣੇ ਆਪ ਨੂੰ ਅਨਪੜ੍ਹ ਪਾਤਰਾਂ ਨਾਲੋਂ ਵਧੇਰੇ ਸੂਝ-ਭਰਪੂਰ ਸਮਝਦਾ ਹੈ ਪਰ ਜਦੋਂ ਬਿਪਤਾ ਪੈਂਦੀ ਹੈ ਤਾਂ ਉਹ ਅਨਪੜ੍ਹ ਪਾਤਰ ਹੀ ਉਸਦੀ ਸਹਾਇਤਾ ਲਈ ਬਹੁੜਦਾ ਹੈ।

'ਜ਼ਮੀਰ', 'ਮੁਖੜਾ ਚੰਨ ਵਰਗਾ', ਉਲ੍ਹੀ ਵਾਲੇ ਲੱਡੂ', 'ਬਾਹਰੋਂ ਆਇਆ ਆਦਮੀ'—ਚਾਰ ਕਹਾਣੀਆਂ ਕੈਨੇਡਾ-ਪੰਜਾਬ ਦੀਆਂ ਧਰਤੀਆਂ ਤੇ ਵਾਪਰਦੀਆਂ ਹਨ। ਆਰਥਕ ਸਬੰਧ ਸਮਾਜਕ ਰਿਸ਼ਤਿਆਂ ਵਿਚ ਕਿਸ ਤਰ੍ਹਾਂ ਦੀਆਂ ਤਬਦੀਲੀਆਂ ਲਿਆਉਂਦੇ ਹਨ--ਇਹ ਹੀ ਇਨ੍ਹਾਂ ਕਹਾਣੀਆਂ ਦਾ ਵਿਸ਼ਾ ਵਸਤੂ ਹੈ। ਇਹ ਚਾਰੇ ਕਹਾਣੀਆਂ ਆਪਣੇ ਆਪਣੇ ਮੰਤਵ ਵਿਚ ਸਫ਼ਲ ਤੇ ਸਰੇਸ਼ਟ ਹਨ।

ਪਰ 'ਅਜ਼ਾਦੀ ਦਾ ਦਿਨ', 'ਸੋਨਚਿੜੀ ਜਾਂ ਮੱਖੀ' ਤੇ 'ਅਗਲੀ ਕਹਾਣੀ' ਇਸ ਸੰਗ੍ਰਹਿ ਦੀਆਂ ਅਤਿ ਕਮਜ਼ੋਰ ਕਹਾਣੀਆਂ ਹਨ। ਇਨ੍ਹਾਂ ਦਾ ਵਿਸ਼ਾ ਵਸਤੂ ਤੇ ਨਿਭਾਅ ਕਾਫ਼ੀ ਹੱਦ ਤਕ ਕਮਜ਼ੋਰ ਹੈ।

ਕਲਾਤਮਕ ਪੱਖੋਂ ਅਮਰਜੀਤ ਦੀਆਂ ਕਹਾਣੀਆਂ ਦਾ ਅਧਿਐਣ ਸਾਨੂੰ ਇਸ ਸਿੱਟੇ ਤੇ ਲੈ ਆਉਂਦਾ ਹੈ ਕਿ ਅਜੇ ਉਸਨੇ ਕਹਾਣੀ-ਕਲਾ ਆਰੰਭੀ ਹੈ ਤੇ ਕਿਸੇ ਵੀ ਕਲਾ ਵਿਚ ਨਿਪੁਨਤਾ ਪ੍ਰਾਪਤ ਕਰਨ ਲਈ ਲੰਮੀ ਘਾਲਣਾ, ਘਾਲਣੀ ਪੈਂਦੀ ਹੈ। ਨਿੱਕੀ ਕਹਾਣੀ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਸੰਖੇਪਤਾ, ਨਾਟਕੀਅਤਾ, ਸੁਭਾਵਿਕਤਾ ਰੋਚਕਤਾ ਤੇ ਇਕਾ-ਗਰਤਾ ਆਦਿ ਵਿਸ਼ਾਲ ਅਨੁਭਵ ਨਾਲ ਆਉਂਦੀਆਂ ਹਨ। ਫਿਰ ਵੀ ਅਮਰਜੀਤ ਤੋਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਉਹ ਡੂੰਘੇ ਅਧਿਐਨ ਤੇ ਵਿਸ਼ਾਲ ਅਨੁਭਵ ਨੂੰ ਅਪਣਾ ਕੇ ਕਲਾਤਮਕ ਕਚਿਆਈਆਂ ਤੇ ਕਾਬੂ ਪਾ ਸਕਣ ਦੀ ਸਮਰੱਥਾ ਰਖਦਾ ਹੈ। 'ਅਹਿਸਾਸ' ਤੇ 'ਆਖ਼ਰੀ ਦਿਨ' ਇਸ ਦੀ ਸਾਖੀ ਭਰਦੀਆਂ ਹਨ।

○




First double the Number then add So, It is 189


# ਜਿਨ੍ਹਾਂ ਦੀ ਚਰਚਾ ਗਲੀ ਗਲੀ.........



ਕਰਨੈਲ ਸਿੰਘ ਰਾਮੂਵਾਲੀਆ ਦਾ ਨਾਂ ਪੰਜਾਬੀ ਸ਼ਾਇਰੀ ਵਿਚ ਸਥਾਈ ਹੋਣ ਦਾ ਪ੍ਰਤੀਕ ਹੈ। ਸਿਧਵਾਂ ਵਾਲੇ ਰਣਜੀਤ ਸਿੰਘ ਤੋਂ ਲੈ ਕੇ ਕਾਕਾ ਹਰਭਜਨ ਸਿੰਘ ਤੇ ਕਾਕਾ ਗੁਰਸੇਵਕ ਸਿੰਘ ਤੱਕ ਰਾਮੂਵਾਲੀਆ ਦਾ ਨਾਂ ਇਕ ਪ੍ਰੰਪਰਾ ਬਣ ਗਿਆ ਹੈ...

ਫੋਨ : 524-2778
524-8861

366 Pembina St.
New Westminster, B.C. V3M 5T6


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To

The Canada Darpan
P.O.Box. 67344,STN.'O'
VANCOUVER,B.C.
CANADA V5W 3T1

Phone.(604) 324-6111

I am enclosing a ☐ cheque ☐ M.O. ☐ Draft as my Subscription for the year(s).......I may be sent the newspaper at the following adress:

Name.......................................................
Address....................................................
City.........................................................
Province...................................................
Postal code...............................................
PHONE.

| | |
|---|---|
| One Year.......................... | 15 dollars |
| Two Year.......................... | 25 dollars |
| Three year........................ | 35 dollars |
| Life membership.............. | 200 dollars |
| ASIA................................. | 40 dollars(a year) |
| U.S.A................................ | 20 dollars(a year) |
| Europe............................. | 35 dollars(a year) |
| Africa.............................. | 35 dollars(a year) |


# Y. F. CHONG & CO.

ACCREDITED PUBLIC ACCOUNTANTS
MON.-FRI. 8:30 - 7:00 P.M.
SAT. 9:30 - 4:00 P.M.

PERSONAL & CORPORATE INCOME TAX RETURNS

3613 Main St. 875-6918

TELEPHONE : 875-6918

# GOYAL : THE VIDEO KING

4160 & 4156 FRASER ST., VANCOUVER, B.C. V5V 4E8

## Special Baisakhi Sale On Video Machines







**Panasonic PV-5500K**
**Now for only $1249.95**

**PV-1310K**
**Now for only $775.00**

**220V Electrical Appliances Available**

**We Sell Panasonic, Toshiba, Sanyo, Fisher, Mitsubush Video Machines**

## Special Baisakhi Sale
## All Video Films (Hindi, Punjabi, Gujarati) Are Available at
## 99¢ A Day (24 hrs)

**Released or Releasing :**

**ARPAN**
* Raj Babbar * Jeetendra
* Reena Rai * Parveen Babi

* Rajinder Kumar & Mala Sinha in
**GEET**

Dharmendra & Sharmila Tagore in
**YAKEEN**

Kishore Sahu's
**HARE KAANCH KI CHUDIYAN**

**Baisakhi Special**
**PREMI GANGARAM**
(Punjabi)

Manoj Kumar in
**SAAWAN KI GHATA**

* Sunil Dutt * Waheeda Rehman in
**EK PHOOL CHAR KANTE**

AMITABH is coming
with Zeenat, Hema In
**NASTIK**

Hit Punjabi Film
**BHARJAEE**

**We 've the biggest Selection of Hindi/Punjabi new and old Video films.**

**Mail Orders Accepted**

**For more information, please phone at (604)873-8308**